# ਸਮਤਾ

ਅਗਸਤ 1986

ਮੁੱਲ--ਦੋ ਰੁਪਏ

75


**ਇਸ ਅੰਕ ਵਿਚ**


ਇਨਕਲਾਬੀ ਕੇਂਦਰ ਦੀ ਉਸਾਰੀ ਬਾਰੇ ਗੁਰਸ਼ਰਨ ਸਿੰਘ ਵਲੋਂ ਅਪਣੇ ਨਕਸਲਬਾੜੀ ਸਾਥੀਆਂ ਵਲ ਖੁਲ੍ਹੀ ਚਿੱਠੀ—ਨਾਟਕ ਕਰਫੀਊ, ਕਵਿਤਾਵਾਂ—ਸੁਖਪਾਲ, ਨਿਰਭਿੰਦਰ, ਜਲੌਟਾ, ਖਟਕੜ ਤੇ ਕੁਝ ਚਿੱਠੀ


**ਸੰਪਾਦਕੀ ਨੋਟ :**

o ਪਿਛਲੇ ਕੁਝ ਦਿਨਾਂ ਤੋਂ ਪੰਜਾਬ ਵਿਚ ਆਤੰਕਵਾਦੀ ਕਾਰਵਾਈਆਂ ਜਾਂ ਇਹ ਕਹਿ ਲਵੋ ਬੇਦੋਸ਼ਿਆਂ ਦੇ ਕਤਲ ਕੁਝ ਘੱਟੇ ਹਨ । ਇਹ ਪੁਲਸ ਮੁੱਖੀ ਰਬੈਰੋ ਦੀ ਪ੍ਰਾਪਤੀ ਹੈ ਜਾਂ ਆਤੰਕਵਾਦੀਆਂ ਨੇ ਇਹ ਕਾਰਵਾਈਆਂ ਕਿਸੇ ਪਾਲਸੀ ਅਧੀਨ ਬੰਦ ਕੀਤੀਆਂ ਹੋਈਆਂ ਹਨ ਕੁਝ ਕਿਹਾ ਨਹੀਂ ਜਾ ਸਕਦਾ । ਜੋ ਵੀ ਹੈ, ਇਹ ਚੰਗੀ ਗੱਲ ਹੈ ਅਤੇ ਸਾਰੇ ਪੰਜਾਬੀਆਂ ਨੂੰ ਭਾਵੇਂ ਉਹ ਪੰਜਾਬ ਵਸਦੇ ਹਨ ਜਾਂ ਪੰਜਾਬ ਤੋਂ ਬਾਹਰ ਵੱਸਦੇ ਹਨ, ਕੁਝ ਸੁੱਖ ਦਾ ਸਾਹ ਆਇਆ ਹੈ ।

o ਇਸ ਅਸਲੀਅਤ ਤੋਂ ਕੋਈ ਇਨਕਾਰੀ ਨਹੀਂ ਹੋ ਸਕਦਾ ਕਿ ਪਿਛਲੇ ਕੁਝ ਮਹੀਨਿਆਂ ਵਿਚ ਹਿੰਦੂਆਂ ਨੂੰ ਪੰਜਾਬ ਤੋਂ ਬਾਹਰ ਹਿਜਰਤ ਕਰਨੀ ਪਈ ਹੈ ਅਤੇ ਸਿਖਾਂ ਨੂੰ ਪੰਜਾਬ ਵਲ ਹਿਜਰਤ ਕਰਨੀ ਪਈ ਹੈ, ਇਹ ਇਕ ਬਹੁਤ ਵੱਡਾ ਦੁਖਾਂਤ ਹੈ । ਕਿਸੇ ਇਕ ਵੀ ਸ਼ਹਿਰੀ ਨੂੰ ਅਪਣਾ ਘਰ ਛੱਡਕੇ ਜਾਣਾ ਪਏ, ਇਹ ਉਥੋਂ ਦੀ ਸਰਕਾਰਾਂ ਉਤੇ ਲਾਅਨਤ ਦੇ ਬਰਾਬਰ ਹੈ । ਪੰਜਾਬ ਵਿਚ ਬਰਨਾਲਾ ਸਰਕਾਰ ਅਤੇ ਬਾਕੀ ਸੂਬਿਆਂ ਦੀ ਕਾਂਗਰਸੀ ਸਰਕਾਰਾਂ (ਸਿਖਾਂ ਦੀ ਹਿਜਰਤ ਉਨ੍ਹਾਂ ਸੂਬਿਆਂ ਤੋਂ ਹੀ ਹੋਈ ਹੈ ਜਿਥੇ ਕਾਂਗਰਸੀ ਸਰਕਾਰਾਂ ਹਨ) ਇਸ ਇਲਜ਼ਾਮ ਤੋਂ ਸੁਰਖਰੂ ਨਹੀਂ ਹੋ ਸਕਦੀਆਂ । ਪੰਜਾਬ ਦੇ ਹਿੰਦੂ ਅਤੇ ਸਿਖਾਂ ਨੂੰ ਇਹ ਪਹਿਲੀ ਵਾਰ ਘਰੋਂ ਬੇਘਰ ਨਹੀਂ ਹੋਣਾ ਪੈ ਰਿਹਾ । ਪਹਿਲੇ ਉਹ ਪਾਕਿਸਤਾਨ ਤੋਂ ਬੇਘਰ ਹੋਏ ਸਨ । ਉਸ ਵੇਲੇ ਉਹਨਾਂ ਨੂੰ ਦੇਸ਼ ਦੀ ਆਜ਼ਾਦੀ ਵਾਸਤੇ ਇਹ ਕੁਰਬਾਨੀ ਦੇਣੀ ਪਈ ਸੀ ਤੇ ਹੁਣ ਨਲਾਇਕ ਸਰਕਾਰਾਂ ਦੀ ਨਲਾਇਕੀ ਦਾ ਕੀਮਤ ਦੇਣੀ ਪੈ ਰਹੀ ਹੈ । ਭਾਰਤ ਦੇ ਸਾਰੇ ਲੋਕਾਂ ਨੂੰ ਮਿਲਕੇ ਇਸ ਦੁਖਾਂਤ ਬਾਰੇ ਫਿਕਰਮੰਦ ਹੋਣਾਂ ਚਾਹੀਦਾ ਹੈ । ਪਾਰਲੀਮੈਂਟ ਦੀ ਡੀਬੇਟ ਨੇ ਵੀ ਇਹ ਗੱਲ ਸਾਹਮਣੇ ਲਿਆਂਦੀ ਹੈ । ਭਾਰਤ ਸਰਕਾਰ ਜਿਸਦੀ ਜ਼ਿੰਮੇਵਾਰੀ ਪੰਜਾਬ ਵਲ ਵਸਦੇ ਹਿੰਦੂਆਂ ਵਲ ਵੀ ਹੈ ਅਤੇ ਪੰਜਾਬ ਤੋਂ ਬਾਹਰ ਵੱਸਦੇ ਸਿਖਾਂ ਵਲ ਵੀ ਹੈ, ਨਿਰਪੱਖ ਹੋ ਕੇ ਇਹ ਜ਼ਿਮੇਵਾਰੀ ਨਿਭਾਉਣੀ ਚਾਹੀਦੀ ਹੈ, ਲਖਨਊ, ਕਾਨਪੁਰ ਸਿਖਾਂ ਦੇ ਵਿਰੁਧ ਜੋ ਭੜਕਾਊ ਇਸ਼ਤਿਹਾਰ ਲਗੇ ਹਨ ਉਹਨਾਂ ਇਸ਼ਤਿਹਾਰ ਲਗਾਉਣ ਵਾਲਿਆਂ ਦੇ ਵਿਰੁਧ ਕੋਈ ਕਾਨੂੰਨੀ ਕਾਰਵਾਈ ਨਾਂ ਹੋਣੀ, ਇਸ ਨਿਰਪੱਖਤਾ ਬਾਰੇ ਸ਼ੱਕ ਪਾਂਦੀ ਹੈ ।

o ਇਹ ਵੀ ਸੱਚ ਹੈ ਕਿ ਪੰਜਾਬ ਦੀਆਂ ਘਟਨਾਵਾਂ ਹੀ ਮੁੱਖ ਤੌਰ ਤੇ ਪੰਜਾਬ ਤੋਂ ਬਾਹਰ ਸਿਖਾਂ ਵਿਰੁੱਧ ਨਫਰਤ ਦੀਆਂ ਜ਼ਿਮੇਵਾਰ ਹਨ, ਇਸ ਲਈ ਪੰਜਾਬ ਵਿਚ ਇਕ ਪੰਥਕ ਨਹੀਂ ਸਗੋਂ ਸਰਵਸਾਂਝੀ ਸਰਕਾਰ ਬਣਨੀ ਚਾਹੀਦੀ ਹੈ । ਅਸੈਂਬਲੀ ਵਿਚ ਸਾਰਿਆਂ ਨਾਲੋਂ ਵੱਡੇ ਗਰੁੱਪ ਦਾ ਮੁੱਖੀ ਹੋਣ ਦੇ ਨਾਤੇ ਬਰਨਾਲਾ ਦਾ ਹੱਕ ਹੈ ਕਿ ਉਹ ਮੁੱਖ ਮੰਤਰੀ ਰਵ੍ਹੇ ਪਰ ਉਸਨੂੰ ਪਹਿਲ ਕਦਮੀ ਕਰਕੇ ਭਾਰਤੀ ਜੰਤਾ ਪਾਰਟੀ ਅਤੇ ਜੇ ਜ਼ਰੂਰੀ ਹੋਵੇ ਤਾਂ ਕਾਂਗਰਸ ਪਾਰਟੀ ਤੋਂ ਵੀ ਐਸੇ ਹਿੰਦੂ ਵਿਅਕਤੀ ਅਪਣੀ ਵਜ਼ਾਰਤ ਵਿਚ ਸ਼ਾਮਲ ਕਰਨੇ ਚਾਹੀਦੇ ਹਨ, ਜਿਹੜੇ ਹਿੰਦੂ ਰਾਏਆਮਾ ਦਾ ਵਿਸ਼ਵਾਸ਼ ਜਿਤ ਸਕਦੇ ਹੋਣ । ਐਸੀ ਸਰਕਾਰ ਕਦੀ ਵੀ ਸਥਾਈ ਸਰਕਾਰ ਨਹੀਂ ਹੋ ਸਕਦੀ ਜਿਸ ਵਿਚ ਕੁਝ ਵਸੋਂ ਦੇ ਇਕ ਵਡੇ ਹਿੱਸੇ ਦੀ ਕੋਈ ਨੁਮਾਇੰਦਗੀ ਹੀ ਨਾ ਹੋਵੇ । ਭਾਰਤੀ ਜੰਤਾ ਪਾਰਟੀ ਜਾਂ ਕਾਂਗਰਸ ਪਾਰਟੀ ਨੂੰ ਅਪਣੀ ਪਹਿਲ ਕਦਮੀ ਤੇ ਇਹ ਪੇਸ਼ਕਸ਼ ਬਰਨਾਲਾ ਨੂੰ ਕਰਨੀ ਚਾਹੀਦੀ ਹੈ । ਸਮਤਾ ਵਰਗੇ ਅਦਾਰੇ ਤੋਂ ਜਿਹੜੀ ਜਮਾਤੀ ਸਿਆਸਤ ਵਿਚ ਯਕੀਨ ਰਖਦੀ ਹੋਵੇ ਇਸ ਕਿਸਮ ਦੀ ਤਜਵੀਜ਼ ਆਉਣੀ ਹੈਰਾਨੀ ਵਾਲੀ ਗੱਲ ਹੈ, ਪਰ ਕੋਈ ਵੀ ਸਹੀ ਸਿਆਸਤ ਅੱਗੇ ਤਾਂ ਹੀ ਚਲ ਸਕੇਗੀ ਜੇਕਰ ਪੰਜਾਬ ਵਿਚ ਰਾਜਸੀ ਅਮਨ ਹੋਵੇ ਤੇ ਰਾਜਸੀ ਅਮਨ ਲਈ ਅਜ ਦੀ ਹਾਲਤ ਵਿਚ ਜ਼ਰੂਰੀ ਹੈ ਕਿ ਪੰਜਾਬ ਦੇ ਹਿੰਦੂਆਂ ਦੀ ਨੁਮਾਇੰਦਗੀ ਵਜ਼ਾਰਤ ਵਿਚ

ਹੋਵੇ । ਇਹ ਯਥਾਰਥ ਹੈ ਕਿ ਹਿੰਦੂ ਰਾਏਆਮਾ ਦੇ ਨੁਮਾਇੰਦੇ ਭਾਰਤੀ ਜੰਤਾ ਪਾਰਟੀ ਜਾਂ ਕਾਂਗਰਸ ਵਿਚ ਹਨ ਜਿਸ ਤਰ੍ਹਾਂ ਸਿਖ ਰਾਏਆਮਾ ਦੇ ਨੁਮਾਇੰਦੇ ਬਰਨਾਲਾ ਅਤੇ ਬਾਦਲ ਅਕਾਲੀ ਦਲਾਂ ਕੋਲ ਹਨ । ਖੱਬੀ ਧਿਰ ਲਈ ਲਈ ਇਹ ਦੁੱਖ ਦੀ ਗੱਲ ਹੈ, ਪਰ ਇਹ ਅਜ ਦੀ ਰਾਜਸੀ ਅਮਲੀਅਤ ਹੈ ਅਤੇ ਇਸ ਨੂੰ ਸਵੀਕਾਰ ਕਰਨਾ ਚਾਹੀਦਾ ਹੈ । ਇਸ ਤਜਵੀਜ਼ ਤੇ ਜੇ ਅਮਲ ਨਾ ਹੋਇਆ ਤਾਂ ਗਵਰਨਰੀ ਰਾਜ ਨੂੰ ਕੋਈ ਨਹੀਂ ਟਾਲ ਸਕਦਾ । ਗਵਰਨਰੀ ਰਾਜ ਹਮੇਸ਼ਾਂ ਇਕ ਤਾਨਾਸ਼ਾਹੀ ਰਾਜ ਹੁੰਦਾ ਹੈ, ਜੋ ਕਿਸੇ ਵੀ ਪੜਾਅ ਉਤੇ ਲੋਕਾਂ ਨੂੰ ਜਵਾਬ ਦੇਹ ਨਹੀਂ ਹੁੰਦਾ । ਅਕਾਲੀ ਵਜ਼ੀਰਾਂ ਦੀ ਫੌਜ ਵਧਾਉਣ ਨਾਲੋਂ ਉਤਲੀ ਤਜਵੀਜ਼ ਤੇ ਕੰਮ ਕਰਨਾ 'ਇਸ ਵੇਲੇ' ਪੰਜਾਬ ਦੇ ਲੋਕਾਂ ਦੇ ਹਿੱਤ ਵਿਚ ਹੈ ।

o ਸਿੱਖ ਰਾਏਆਮਾ ਵਲੋਂ ਜਿਹੜੀਆਂ ਮੰਗਾਂ ਉਭਰ ਕੇ ਉਪਰ ਆ ਰਹੀਆਂ ਸਨ, ਉਹ ਸਾਰੀਆਂ ਉਹ ਹਨ ਜੋ ਸੰਨ ਚੁਰਾਸੀ ਦੀਆਂ ਘਟਨਾਵਾਂ ਤੋਂ ਬਾਅਦ ਹੋਂਦ ਵਿਚ ਆਈਆਂ ਹਨ । ਬਾਗੀ ਫੌਜੀਆਂ ਦੀ ਬਹਾਲੀ, ਸਿੱਖ ਨੌਜਵਾਨਾਂ ਦੀ ਰਿਹਾਈ, ਨਵੰਬਰ ਚੁਰਾਸੀ ਦੀਆਂ ਘਟਨਾਵਾਂ ਦੇ ਜ਼ੁਮੇਵਾਰ ਲੋਕਾਂ ਉਤੇ ਮੁਕੱਦਮੇ ਅਤੇ ਸਜ਼ਾਵਾਂ ਆਦਿਕ । ਇਹ ਸਚਾਈ ਦਸਦੀ ਹੈ ਕਿ ਜਿਨ੍ਹਾਂ ਮੰਗਾਂ ਦੀ ਖਾਤਿਰ ਵਡੇ ਮੋਰਚੇ ਲਗਾਏ ਗਏ, ਇਹ ਸਿਰਫ ਕੁਰਸੀ ਹਾਸਿਲ ਕਰਨ ਲਈ ਹੀ ਘੜ੍ਹੀਆਂ ਗਈਆਂ ਸਨ । ਹੁਣ ਇਹ ਬੜੇ ਯਕੀਨ ਨਾਲ ਕਿਹਾ ਜਾ ਸਕਦਾ ਹੈ, ਕਿ 1978 ਤੋਂ ਪਹਿਲਾਂ ਭਾਰਤ ਵਿਚ ਰਹਿ ਰਹੇ ਸਿਖਾਂ ਦਾ ਕੋਈ ਵੀ ਐਸਾ ਵੱਖਰਾ ਮੱਸਲਾ ਨਹੀਂ ਸੀ, ਜੋ ਬਾਕੀ ਭਾਰਤ ਦੇ ਲੋਕਾਂ ਦਾ ਨਹੀਂ ਸੀ । ਪੰਜਾਬ ਦੇ ਸਿਖ ਕਿਸਾਨ ਜੇ ਇਸ ਸਿਸਟਮ ਵਿਚ ਦੁੱਖੀ ਹਨ ਤਾਂ ਬਿਹਾਰ, ਯੂ. ਪੀ. ਗੁਜਰਾਤ ਦੇ ਕਿਸਾਨ ਕੋਈ ਸੁੱਖੀ ਨਹੀਂ, ਜੇ ਪੰਜਾਬ ਦਾ ਸਿਖ ਪੜ੍ਹਿਆ ਲਿਖਿਆ ਨੌਜਵਾਨ ਬੇਰੁਜ਼ਗਾਰ ਹੈ ਤਾਂ ਬਾਕੀ ਭਾਰਤ ਦੇ ਪੜ੍ਹੇ ਲਿਖੇ ਨੌਜਵਾਨ ਵੀ ਸੜਕਾਂ ਤੇ ਧੱਕੇ ਖਾ ਰਹੇ ਹਨ । ਸਧਾਰਨ ਲੋਕਾਂ ਨੂੰ ਜੇਕਰ ਪੰਜਾਬ ਵਿਚ ਸਰਕਾਰੀ ਦਫਤਰਾਂ ਵਿਚੋਂ ਧੱਕੇ ਵਜਦੇ ਹਨ ਤੇ ਬਾਕੀ ਭਾਰਤ ਵਿਚ ਵੀ ਸਾਧਾਰਨ ਲੋਕਾਂ ਨੂੰ ਸਰਕਾਰੀ ਦਫਤਰਾਂ ਵਾਲੇ ਕੋਈ ਅੱਖਾਂ ਤੇ ਨਹੀਂ ਬਿਠਾਂਦੇ । ਝੂਠੇ ਪੁਲਸ ਮੁਕਾਬਲਿਆਂ ਵਿਚ ਜੇਕਰ ਸਿਖ ਨੌਜਵਾਨ ਮਾਰੇ ਜਾਂਦੇ ਹਨ ਤਾਂ ਬਾਕੀ ਭਾਰਤ ਦੇ ਨੌਜਵਾਨ ਪੁਲਸ ਅੱਤਿਆਚਾਰ ਦੇ ਕੋਈ ਘੱਟ ਸ਼ਿਕਾਰ ਨਹੀਂ । ਪੈਸਾ ਤੇ ਚਮਚਾਗਿਰੀ ਜੇਕਰ ਪੰਜਾਬ ਵਿਚ ਪ੍ਰਧਾਨ ਹੈ ਤਾਂ ਬਾਕੀ ਭਾਰਤ ਵਿਚ ਵੀ ਇਹੋ ਅਮਲ ਚਲਦਾ ਹੈ । ਇਸ ਲਈ ਪੂਰੇ ਜ਼ੋਰ ਨਾਲ ਕਿਹਾ ਜਾ ਸਕਦਾ ਹੈ ਕਿ 'ਸਿਖਾਂ ਵਿਰੁਧ ਵਿਤਕਰੇ' ਦੇ ਆਧਾਰ ਤੇ ਚਲਾਇਆ ਸਾਰਾ ਅੰਦੋਲਨ ਇਕ ਸਿਰੇ ਤੋਂ ਹੀ ਗ਼ਲਤ ਸੀ । ਸਿਖ ਰਾਏਆਮਾ ਤੇ ਵਿਸ਼ੇਸ਼ ਕਰਕੇ ਸਿਖ ਬੁੱਧੀ ਜੀਵੀ ਜਿੰਨੀ ਜਲਦੀ ਇਸ ਗੱਲ ਦਾ ਅਹਿਸਾਸ ਕਰ ਲੈਣ, ਉਨਾਂ ਹੀ ਇਸ ਸਾਰੇ ਲੋਕ ਦੋਖੀ ਸਿਸਟਮ ਦੀ ਉਮਰ ਛੋਟੀ ਕਰਨ ਵਿਚ ਉਹ ਆਪਣੀਆਂ ਸ਼ਾਨਦਾਰ ਰਵੈਤਾ ਅਨੁਸਾਰ ਹਿੱਸਾ ਪਾ ਸਕਦੇ ਹਨ । ਇਸ ਸਿਸਟਮ ਨੂੰ ਖਤਮ ਕੀਤੇ ਬਿਨਾਂ ਨਾ ਬਾਕੀ ਭਾਰਤ ਦੇ ਲੋਕਾਂ ਦੀ ਮੁਕਤੀ ਹੋ ਸਕਦੀ ਹੈ ਤੇ ਨਾ ਸਿਖਾਂ ਦੀ ।

o ਸਿਖ ਰਾਏਆਮਾ ਦੀਆਂ ਜਮਹੂਰੀ ਮੰਗਾਂ ਜਿਸ ਵਿਚ ਬਾਗੀ ਫੌਜੀਆਂ ਦੀ ਬਹਾਲੀ, ਸਿਆਸੀ ਕੈਦੀਆਂ ਦੀ ਆਮਰਿਹਾਈ ਅਤੇ ਨਵੰਬਰ 1984 ਦੇ ਦੋਸ਼ੀਆਂ ਨੂੰ ਸਜ਼ਾ ਦੇਣ ਦੀ ਮੰਗਾਂ ਸ਼ਾਮਲ ਹਨ, ਬਾਕੀ ਭਾਰਤ ਦੀ ਜਮਹੂਰੀ ਰਾਏਆਮਾ ਦੀਆਂ ਵੀ ਮੰਗਾਂ ਹਨ । ਇਹਨਾਂ ਮੰਗਾਂ ਵਾਸਤੇ ਦੇਸ਼ ਵਿਆਪਕ ਅੰਦੋਲਨ ਚਲਾਇਆ ਜਾ ਸਕਦਾ ਹੈ, ਬਸ਼ਰਤੇਕਿ ਇਸ ਅੰਦੋਲਨ ਨੂੰ ਫਿਰਕੂ ਰੰਗ ਨਾ ਦਿਤਾ ਜਾਏ ਤੇ ਖਾਲਿਸਤਾਨ ਵਰਗੀ ਗ਼ੈਰ ਯਥਾਰਥਕ ਗੱਲ ਐਵੇਂ ਖਾਹਮਖਾਹ ਨਾ ਵਿਚ ਵਾੜੀ ਜਾਏ ।

o ਜਥੇਦਾਰ ਰਛਪਾਲ ਸਿੰਘ, ਪ੍ਰਧਾਨ ਮਾਸਟਰ ਤਾਰਾ ਸਿੰਘ ਅਕਾਲੀ ਦਲ, ਦਿਲੀ ਬੈਠੇ ਪੰਜਾਬ ਦੇ ਸਿਖਾਂ ਨੂੰ ਅਮਨ ਸ਼ਾਂਤੀ ਲਈ ਅਪੀਲਾਂ ਕਰਦੇ ਹਨ ਤੇ ਬਾਬਾ ਆਮਟੇ ਇਸੇ ਕੰਮ ਲਈ ਪੰਜਾਬ ਆਏ ਹੋਏ ਹਨ । ਇਹਨਾਂ ਦੇ ਮਿਸ਼ਨ ਤਾਂ ਹੀ ਸਫਲ ਹੋ ਸਕਦੇ ਹਨ ਜੇ ਜਥੇਦਾਰ ਹੋਰੀਂ ਪੰਜਾਬ ਆਕੇ ਸਿਖਾਂ ਵਿਚ ਕੰਮ ਕਰਨ ਤੇ ਬਾਬਾ ਆਮਟੇ ਕਾਨਪੁਰ ਜਾ ਕੇ ਹਿੰਦੂ ਸ਼ਿਵ ਭਗਤਾਂ ਵਿਚ ਕੰਮ ਕਰਨ ਪਰ ਹੋ ਇਸਤੋਂ ਉਲਟ ਰਿਹਾ ਹੈ ਇਸੇ ਲਈ ਆਮ ਲੋਕਾਂ ਵਿੱਚ ਇਹਨਾਂ ਅਮਨ ਯਤਨਾਂ ਨੂੰ ਪਾਖੰਡ ਤੋਂ ਸਿਵਾ ਕੁਝ ਨਹੀਂ ਸਮਝਿਆ ਜਾਂਦਾ ।

o ਫ਼ਿਰਕੂ ਦੈਂਤ ਨੇ ਸਾਰੇ ਭਾਰਤ ਨੂੰ ਅਪਣੀ ਲਪੇਟ ਵਿਚ ਲੈ ਲਿਆ ਹੈ । ਇਸਦਾ ਮੁਕਾਬਲਾ ਪੂਰੀ ਤਰ੍ਹਾਂ ਗ਼ੈਰਫ਼ਿਰਕੂ ਸੋਚ ਨਾਲ ਹੀ ਕੀਤਾ ਜਾ ਸਕਦਾ ਹੈ । ਇਕ ਦੂਜੇ ਨੂੰ ਵੱਧ ਜਾਂ ਘੱਟ ਫਿਰਕੂ ਕਹਿਣਾ ਅਪਣੇ ਆਪ ਵਿਚ ਫਿਰਕੂਪੁਨਾ ਹੈ ।

ਸੋ ਅੱਜ ਦੀ ਲੋੜ ਹੈ ਕਿ ਪੰਜਾਬ ਵਿਚ ਵਰਤ ਰਹੇ ਵਾਹਯਾਤ ਵਰਤਾਰੇ ਨੂੰ ਜਲਦੀ ਤੋਂ ਜਲਦੀ ਖਤਮ ਕਰਨ ਲਈ ਅਸੀਂ ਇਕ ਯਥਾਰਥਵਾਦੀ ਪਹੁੰਚ ਅਪਣਾਈਏ । ਪਹਿਲੀਆਂ ਬਣੀਆਂ ਧਾਰਨਾਵਾਂ ਤੋਂ ਛੁਟਕਾਰਾ ਪਾਈਏ ਅਤੇ ਚੰਗੀ ਜ਼ਿੰਦਗੀ ਲਈ ਇਕ ਸਾਂਝੀ ਲੜਾਈ ਲੜੀਏ/ਗੁਰਸ਼ਰਨ ਸਿੰਘ 24.7.86

ਬਲਰਾਜ ਸਾਹਨੀ ਯਾਦਗਾਰ ਪ੍ਰਕਾਸ਼ਨ ਵਾਸਤੇ ਕੈਲਾਸ਼ ਕੌਰ-ਗੁਰਸ਼ਰਨ ਸਿੰਘ ਨੇ ਛਪਵਾਇਆ ਤੇ ਪ੍ਰਕਾਸ਼ਤ ਕੀਤਾ । ਛਪਾਈ ਹਰਮੁਖ ਪ੍ਰਿੰਟਰਜ਼, 23-ਮਹਾਂ ਸਿੰਘ ਗੇਟ ਮਾਰਕੀਟ, ਅੰਮ੍ਰਿਤਸਰ ਵਿਚ ਹੋਈ । ਪ੍ਰਬੰਧਕੀ ਸਿਰਨਾਵਾਂ : ਗੁਰੂ ਖਾਲਸਾ ਨਿਵਾਸ, ਡਾ: ਖਾਲਸਾ ਕਾਲਜ, ਅੰਮ੍ਰਿਤਸਰ-143002 : ਵਾਰਸ਼ਿਕ ਚੰਦਾ 15 ਰੁ: ਵਿਦੇਸ਼ ਹਵਾਈ ਡਾਕ ਰਾਹੀਂ 120 ਰੁਪਏ

# ਇਕ ਚਿੱਠੀ ਆਪਣੇ ਨਕਸਲਬਾੜੀ ਸਾਥੀਆਂ ਦੇ ਨਾਂ--ਇਕ ਇਨਕਲਾਬੀ ਕੇਂਦਰ ਦੀ ਉਸਾਰੀ ਬਾਰੇ

ਪਿਆਰੇ ਸਾਥੀਓ,

ਇਹ ਖੁਲ੍ਹੀ ਚਿੱਠੀ ਤੁਸਾਂ ਨੂੰ ਲਿਖ ਰਿਹਾ ਹਾਂ। ਤੁਸੀਂ ਉਹ ਕਮਿਊਨਿਸਟ ਇਨਕਲਾਬੀ ਹੋ, ਜਿਨ੍ਹਾਂ ਦਾ ਇਹ ਸਪੱਸ਼ਟ ਵਿਚਾਰ ਹੈ ਕਿ ਨਕਸਲਬਾੜੀ ਦੀ ਕਿਸਾਨੀ ਬਗਾਵਤ ਹਿੰਦੋਸਤਾਨ ਦੇ ਇਨਕਲਾਬੀ ਅਮਲ ਵਿਚ ਇਕ ਸੁਨਹਿਰੀ ਕਾਂਡ ਹੈ। ਮੈਂ ਇਹ ਲਾਈਨਾਂ ਉਹਨਾਂ ਸਾਥੀਆਂ ਲਈ ਨਹੀਂ ਲਿਖ ਰਿਹਾ, ਜਿਨਾਂ ਨੇ ਇਸ ਲਹਿਰ ਨੂੰ 'ਖੱਬਾਂ ਕੁਰਾਹ' ਆਖਿਆ ਸੀ। ਇਹਨਾਂ ਦੀ ਉਸ ਵੇਲੇ ਬੰਗਾਲ ਵਿਚ ਹਕੂਮਤ ਸੀ। ਮੇਰਾ ਵਿਚਾਰ ਹੈ ਜੇਕਰ ਉਹਨਾਂ ਦੀ, ਇਹ ਹਕੂਮਤ ਨਾ ਹੁੰਦੀ ਤਾਂ ਉਹ ਵੀ ਸ਼ਾਇਦ ਤਿਲੰਗਾਨਾ ਦੀ ਕਿਸਾਨੀ ਲਹਿਰ ਵਾਂਗ ਇਸ ਲਹਿਰ ਨੂੰ ਜ਼ਰੂਰ ਅਪਣਾਉਂਦੇ। ਇਹ ਸਾਥੀ ਜਿਨ੍ਹਾਂ ਕੋਲ ਕਮਿਊਨਿਸਟ ਪਾਰਟੀ ਦੀ ਵਿਸ਼ਾਲ ਜਥੇਬੰਦੀ ਸੀ, ਅਤੇ ਛੱਠ ਸਾਲਾਂ ਦਾ ਕਮਿਊਨਿਸਟ ਲਹਿਰ ਦਾ ਤਜਰਬਾ ਸੀ, ਇਸ ਲਹਿਰ ਨੂੰ ਅਪਣਾ ਲੈਂਦੇ ਤਾਂ ਕਮਿਊਨਿਸਟ ਹੁਣ ਤਕ ਦੇਸ਼ ਵਿਚ ਵੱਡੀ ਤਾਕਤ ਬਣ ਕੇ ਦੇਸ਼ ਦੀ ਸਿਆਸਤ ਵਿਚ ਪੂਰੀ ਤਰ੍ਹਾਂ ਹਾਵੀ ਹੁੰਦੇ। ਉਨ੍ਹਾਂ ਦੀ ਤਾਕਤ ਸਿਰਫ ਬੰਗਾਲ ਅਤੇ ਤ੍ਰਿਪੁਰਾ ਤਕ ਨਾ ਸੀਮਤ ਹੁੰਦੀ। ਰਾਮਾ ਰਾਓ ਵਰਗੇ ਐਕਟਰ ਜਿਨ੍ਹਾਂ ਦੀ ਕਿਸੇ ਵੀ ਸਿਧਾਂਤ ਨਾਲ ਪ੍ਰਤੀਬੱਧਤਾ ਨਹੀਂ ਤੇ ਕੁਰਸੀ ਤੇ ਕਾਇਮ ਰਹਿਣ ਲਈ ਜੋ ਹਰ ਫਾਸ਼ੀ ਹੁਰਬਾ ਵਰਤ ਸਕਦੇ ਹਨ, ਆਂਧਰਾ ਵਰਗੇ ਇਨਕਲਾਬੀ ਰਵਾਇਤਾਂ ਦੇ ਮਾਲਕ ਸੂਬੇ ਵਿਚ ਹਕੂਮਤ ਨਾ ਬਣਾ ਸਕਦੇ। ਖੈਰ, ਹੁਣ ਇਹ ਸਭ ਇਤਿਹਾਸ ਹੈ, ਤੇ ਇਸ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਆਪਣੇ ਮੁੱਢਲੇ ਸੁਨਹਿਰੀ ਦੌਰ ਤੋਂ ਬਾਅਦ ਨਕਸਲਬਾੜੀ ਲਹਿਰ ਵਿਚ ਵੀ ਬਜਰ ਗਲਤੀਆਂ ਹੋਈਆਂ ਹਨ। ਸਵਾਲ ਅੱਜ ਦਾ ਹੈ। 18 ਸਾਲਾਂ ਦੀਆਂ ਆਪਣੀਆਂ ਪ੍ਰਾਪਤੀਆਂ ਅਤੇ ਪ੍ਰਾਪਤੀਆਂ ਦਾ ਇਕ ਇਮਾਨਦਾਰਨਾ ਜਾਇਜ਼ਾ ਲਗਾਉਣਾ ਜ਼ਰੂਰੀ ਹੈ। ਮੈਂ ਗੱਲ ਬਹੁਤੀ ਆਪਣੇ ਸੂਬੇ ਤਕ ਹੀ ਸੀਮਤ ਰਖਾਂਗਾ।

o ਮੈਂ ਜਦੋਂ ਇਹ ਲਾਈਨਾ ਲਿਖ ਰਿਹਾ ਹਾਂ ਤਾਂ ਇਕ ਕਮਿਊਨਿਸਟ ਦੀ ਹੈਸੀਅਤ ਵਿਚ ਮੈਂ ਆਪਣੀ ਪਹਿਚਾਣ ਕਰਵਾਉਣਾ ਜ਼ਰੂਰੀ ਸਮਝਦਾ ਹਾਂ ਤਾਂ ਜੋ ਇਹ ਜਾਇਜ਼ਾ ਲਗ ਸਕੇ ਕਿ ਮੈਂ ਕਿਸ ਥਾਂ ਤੇ ਖਲੋ ਕੇ ਗੱਲ ਕਰ ਰਿਹਾ ਹਾਂ ਤੇ ਕਿਸੇ ਕਿਸਮ ਦੀ ਗਲਤ ਫਹਿਮੀ ਨਾ ਰਵੇ। ਮੈਂ ਨਕਸਲਬਾੜੀ ਲਹਿਰ ਨਾਲ 1967 ਤੋਂ ਹੀ ਜਜ਼ਬਾਤੀ ਤੌਰ ਤੇ ਜੁੜਿਆ ਹਾਂ। ਮੈਂ ਇਹ ਦਾਅਵਾ ਨਹੀਂ ਕਰਦਾ ਕਿ ਇਹਦੇ ਹਜ਼ਾਰਾਂ ਸਾਥੀਆਂ ਦੇ ਮੁਕਾਬਲੇ ਵਿਚ ਇਸ ਲਹਿਰ ਵਾਸਤੇ ਕੋਈ ਕੁਰਬਾਨੀ ਕੀਤੀ ਹੋਵੇ ਜਾਂ ਜ਼ੇਲ੍ਹਾਂ ਵਿਚ ਤਸੀਹੇ ਝੱਲੇ ਹੋਣ। ਮੈਂ ਇਸ ਲਹਿਰ ਨਾਲ ਤਾਂ ਹੀ ਜੁੜਿਆ ਕਿਉਂਕਿ ਨੌਵੀਂ ਜਮਾਤ ਵਿਚ ਪੜ੍ਹਦਾ 1944 ਵਿਚ ਹੀ ਕਮਿਊਨਿਸਟ ਲਹਿਰ ਨਾਲ ਪੂਰੀ ਤਰ੍ਹਾਂ ਜੁੜ ਗਿਆ ਸਾਂ। ਉਸ ਵੇਲੇ ਪੰਜਾਬ ਪਾਰਟੀ ਦਾ ਸ਼ਾਇਦ ਮੈਂ ਸਾਰਿਆਂ ਨਾਲੋਂ ਛੋਟੀ ਉਮਰ ਦਾ ਕਾਰਡ ਹੋਲਡਰ ਸਾਂ। ਇਹਨਾਂ 42 ਸਾਲਾਂ ਵਿਚ ਕਮਿਊਨਿਸਟ ਲਹਿਰ ਜਿਹੜੇ ਦੌਰਾਂ ਵਿਚੋਂ ਲੰਘੀ ਹੈ, ਉਹਦੀ ਹਰ ਖੁਸ਼ੀ ਅਤੇ ਚੀਸ ਦਾ ਮੈਂ ਭਾਈਵਾਲ ਰਿਹਾ ਹਾਂ। 1945 ਵਿਚ ਸੋਵੀਅਤ ਫੌਜਾਂ ਦੀ ਹਿਟਲਰ ਉਤੇ ਜਿੱਤ ਨੂੰ ਆਪਣੇ ਸਿਧਾਂਤ ਦੀ ਵੱਡੀ ਜਿੱਤ ਜਾਂ ਕਹਿ ਲਵੋ ਆਪਣੀ ਜਿੱਤ ਆਖ ਕੇ ਖੁਸ਼ੀ ਮਨਾਈ ਸੀ। ਭਾਵੇਂ 1942 ਦੇ ਪੀਪਲਜ਼ ਵਾਰ ਦੇ ਨਾਅਰੇ ਕਾਰਨ ਅਸੀਂ ਕੌਮੀ ਲਹਿਰ ਤੋਂ ਛਾਂਗੇ ਗਏ ਸਾਂ। ਅਸੀਂ ਕੌਮਾਂਤਰੀ ਪੱਧਰ ਤੇ ਆਪਣੇ ਸਿਧਾਂਤ ਦੀ ਜਿੱਤ ਦੇ ਮੁਕਾਬਲੇ ਵਿਚ ਇਸ ਨੁਕਸਾਨ ਨੂੰ ਖਿੜੇ ਮੱਥੇ ਸਿਹਾ ਸੀ ਤੇ ਆਪਣੀ ਪੁਜ਼ੀਸ਼ਨ ਤੋਂ ਪੂਰੀ ਤਰ੍ਹਾਂ ਡੱਟੇ ਸਾਂ।

o ਆਜ਼ਾਦੀ ਆਈ। ਲੋਕਾਂ ਨੇ ਵੇਖਿਆ ਕਿ ਅੰਗਰੇਜ਼ ਹੁਕਮਰਾਨਾਂ ਦੀ ਥਾਂ ਪੰ: ਜਵਾਹਰ ਲਾਲ ਹੁਣ ਪ੍ਰਧਾਨ ਮੰਤਰੀ ਹਨ ਪਰ ਅਸੀਂ ਇਹ ਨਾਅਰਾ ਦਿਤਾ ਕਿ ਇਹ ਆਜ਼ਾਦੀ **ਆਜ਼ਾਦੀ ਹੀ ਨਹੀਂ**। ਚਾਹੀਦਾ ਤੇ ਇਹ ਸੀ ਕਿ ਇਹ ਕਹਿੰਦੇ ਕਿ ਇਹ ਆਜ਼ਾਦੀ **ਸਾਡੇ ਸੁਪਨਿਆਂ ਦੀ ਆਜ਼ਾਦੀ ਨਹੀਂ** ਤੇ ਲੋਕਾਂ ਵਿਚ ਆਰਥਕਤਾ ਦੇ ਆਧਾਰ ਤੇ ਇਸ ਦੀ ਸਪਸ਼ਟਤਾ ਦੇਂਦੇ ਪਰ ਜਦੋਂ ਇਹ ਆਖ ਦਿਤਾ ਕਿ ਇਹ ਆਜ਼ਾਦੀ ਹੀ ਨਹੀਂ ਤਾਂ ਸਾਧਾਰਨ ਲੋਕਾਂ ਨੇ ਸਾਡੀ ਪੁਜ਼ੀਸ਼ਨ ਨੂੰ ਸਵੀਕਾਰ ਨਹੀਂ ਕੀਤਾ। ਮੈਂ ਲੋਕਾਂ ਕੋਲੋਂ ਆਪਣੀ ਅਲੈਹਦਗੀ ਨੂੰ ਉਸ ਵੇਲੇ ਸ਼ਿਦਤ ਨਾਲ ਮਹਿਸੂਸ ਕੀਤਾ ਜਦੋਂ 1951 ਦੀ ਅਲੈਕਸ਼ਨ ਹੋਈ। ਅਸੀਂ ਖਾਲਸਾ ਕਾਲਜ ਵਿਚ ਪੜ੍ਹਦਿਆਂ ਨੇ ਉਸ ਹਲਕੇ ਵਿਚ ਕੰਮ ਕੀਤਾ ਜਿਸ ਵਿਚ ਮਹਾਨ ਦੇਸ਼ ਭਗਤ ਗਦਰੀ ਬਾਬਾ ਸੋਹਣ ਸਿੰਘ ਭਕਨਾ ਪਾਰਟੀ ਦੇ ਉਮੀਦਵਾਰ ਦੇ ਤੌਰ ਤੇ ਵੱਡੇ ਟੋਡੀ ਰਾਜਾਸਾਂਸੀ ਦੇ ਸਰਦਾਰ ਹਰਿੰਦਰ ਸਿੰਘ ਕੋਲ ਹਾਰੇ, ਜੋ ਉਸ ਵੇਲੇ ਕਾਂਗਰਸ ਦਾ ਉਮੀਦਵਾਰ ਸੀ। ਉਸ ਵੇਲ ਮੈਨੂੰ ਯਾਦ ਹੈ ਕਿ ਅਸੀਂ ਪਾਰਟੀ ਦੇ ਮੈਂਬਰਾਂ ਨੇ ਦਿਨ ਰਾਤ ਮਿਹਨਤ ਵਿਚ ਕੋਈ ਕਸਰ ਨਹੀਂ ਛੱਡੀ

ਸੀ। ਮੈਨੂੰ ਇਹ ਅਹਿਸਾਸ ਹੋਇਆ ਕਿ ਅਸੀਂ ਕਮਿਊਨਿਸਟ ਜਿਹੜੇ ਹਮੇਸ਼ਾਂ ਸਭ ਕੁਝ ਲੋਕਾਂ ਲਈ ਕਰਨਾ ਲੋਚਦੇ ਹਾਂ, ਲੋਕਾਂ ਵਿਚ ਕਿਉਂ ਨਹੀਂ ਅਪਣਾਏ ਜਾਂਦੇ। ਉਸ ਵੇਲੇ ਘੜਿਆ ਘੜਾਇਆ ਜਵਾਬ ਲੀਡਰਾਂ ਵਲੋਂ ਇਹ ਆਂਦਾ ਸੀ ਕਿ ਲੋਕ ਚੇਤਨਾ ਹਾਲੇ ਨੀਵੀਂ ਪੱਧਰ ਤੇ ਹੈ ਪਾਰਟੀ ਕੋਲ ਬੁਰਜੂਆ ਪਾਰਟੀਆਂ ਦੇ ਮੁਕਾਬਲੇ ਵਿਚ ਸਾਧਨ ਬੜੇ ਥੋੜ੍ਹੇ ਹਨ। ਹੁਣ ਮੈਂ ਯਕੀਨ ਨਾਲ ਇਹ ਕਹਿ ਸਕਨਾ ਹਾਂ ਕਿ ਇਹ ਸੱਚ ਪੂਰਾ ਸੱਚ ਨਹੀਂ ਸੀ। ਅਸੀਂ ਦੇਸ਼ ਦੇ ਲੋਕਾਂ ਦੀ ਮੁੱਖ ਧਾਰਾ ਦੇ ਉਲਟ ਹਮੇਸ਼ਾਂ ਅਜੀਬੋ ਗਰੀਬ ਸਟੈਂਡ ਲੈਂਦੇ ਹਾਂ ਤੇ ਇਸ ਨੂੰ ਸਿਧਾਂਤ ਦਾ ਨਾਂ ਦੇ ਕੇ ਆਪਣੀ ਤਸੱਲੀ ਕਰ ਲੈਂਦੇ ਹਾਂ। ਇਹ ਸੱਚ ਅਜੇ ਵੀ ਸਾਡੇ ਉਤੇ ਲਾਗੂ ਹੈ।

o ਸਾਥੀ ਸਟਾਲਿਨ ਦੀ ਮੌਤ ਤੋਂ ਬਾਅਦ ਸੋਵੀਅਤ ਪਾਰਟੀ ਵਿਚ ਕਰੂਸ਼ਚਿਵ ਅਤੇ ਬਲਗਾਨਿਨ ਦਾ ਦੌਰ ਆਇਆ। ਸਾਥੀ ਸਟਾਲਿਨ ਦੇ ਪਾਰਟੀ ਲੀਡਰ ਦੇ ਤੌਰ ਤੇ ਫੰਕਸ਼ਨਿੰਗ ਬਾਰੇ ਜੋ ਗੱਲਾਂ ਬਾਹਰ ਆਈਆਂ ਉਹਨੇ ਮੇਰੇ ਵਰਗੇ ਬੰਦੇ ਨੂੰ ਇਹ ਸਵਾਲ ਪੁੱਛਣ ਤੇ ਮਜਬੂਰ ਕੀਤਾ "ਕੀ ਕਮਿਊਨਿਸਟ ਸਿਧਾਂਤ ਮਾਨਵਵਾਦੀ ਵੀ ਹੈ ?" ਮੈਂ ਹੁਣ ਯਾਦ ਕਰਦਾ ਹਾਂ ਕਿ ਜਦੋਂ ਮੈਂ ਕਾਲਜ ਵਿਚ ਪੜ੍ਹਦਾ ਸਾਂ ਤਾਂ ਮੇਰੇ ਵੱਡੇ ਭਾਈ ਸਾਹਿਬ ਜੋ ਅਮਰੀਕਾ ਦੀ 'ਆਜ਼ਾਦ ਆਰਥਕਤਾ' ਦੇ ਬੜੇ ਧਾਰਨੀ ਸਨ ਤੇ ਰੀਡਰ ਡਾਈਜੇਸਟ ਦੇ ਬਾਕਾਇਦਾ ਪੜ੍ਹਨ ਵਾਲੇ ਸਨ, ਉਹ ਕਮਿਊਨਿਸਟਾਂ ਬਾਰੇ ਕਈ ਲਤੀਫੇ ਮੈਨੂੰ ਟਾਂਚ ਕਰਨ ਲਈ ਸੁਣਾਂਦੇ ਸਨ। ਉਹ ਕਿਹਾ ਕਰਦੇ ਸਨ ਕਮਿਊਨਿਸਟ ਜਨੂੰਨ ਵਿਚ ਉਨੇ ਹੀ ਅੰਨ੍ਹੇ ਹਨ ਜਿਸ ਤਰ੍ਹਾਂ ਕੋਈ ਧਾਰਮਕ ਅੰਧਵਿਸ਼ਵਾਸੀ ਹੁੰਦਾ ਹੈ। ਮੈਂ ਉਹਨਾਂ ਨਾਲ ਲੜ ਪੈਂਦਾ ਸਾਂ ਪਰ ਅੱਜ ਜਦੋਂ ਮੈਂ 36 ਸਾਲਾਂ ਬਾਅਦ ਇਹ ਸਤਰਾਂ ਲਿਖ ਰਿਹਾ ਹਾਂ ਤਾਂ ਮੈਨੂੰ ਮਹਿਸੂਸ ਹੁੰਦਾ ਹੈ ਕਿ ਉਹਨਾਂ ਦੀ ਟਾਂਚ ਵਿਚ ਕਾਫੀ ਹੱਦ ਤਕ ਸਚਾਈ ਹੈ। ਅਸੀਂ ਬਹੁਤ ਮਾਮਲਿਆਂ ਵਿਚ ਅਧਿਆਤਮਵਾਦੀਆਂ ਵਾਂਗ ਹੀ ਅੰਧ ਵਿਸ਼ਵਾਸੀ ਹਾਂ ਭਾਵੇਂ ਸਾਡਾ ਸਾਰਾ ਫਲਸਫਾ ਪਦਾਰਥਵਾਦ ਅਤੇ ਯਥਾਰਥ ਤੇ ਆਧਾਰਤ ਹੈ।

o ਮੇਰਾ ਦ੍ਰਿੜ ਵਿਸ਼ਵਾਸ ਹੈ ਨੁੱਕਸ ਸਾਡੇ ਫਲਸਫੇ ਵਿਚ ਨਹੀਂ, ਬਹੁਤੀ ਵਾਰ ਸਾਡੇ ਅਮਲ ਵਿਚ ਹੈ। ਮੇਰੀਆਂ ਚੰਗੀਆਂ ਯਾਦਾਂ ਵਿਚੋਂ ਇਕ ਯਾਦ ਉਹ ਹੈ ਜਦੋਂ ਤਿਲਗਾਨਾ ਲਹਿਰ ਵੇਲੇ ਸਰਦਾਰ ਪਟੇਲ ਨੇ ਜੋ ਉਸ ਵੇਲੇ ਹੋਮ ਮਨਿਸਟਰ ਸੀ, ਇਹ ਬਿਆਨ ਦਿਤਾ ਸੀ ਕਿ ਜਦੋਂ ਹਕੂਮਤ ਦਾ ਰੋਲਰ (ਸੜਕਾਂ ਪਧਰੀਆਂ ਕਰਨ ਵਾਲਾ ਰੋਲਰ) ਚਲੇਗਾ ਤਾਂ ਇਹ ਕਮਿਊਨਿਸਟਾਂ ਨੂੰ ਕੁਚਲ ਕੇ ਰੱਖ ਦੇਵੇਗਾ। ਉਸ ਦਿਨ ਸਾਡੀ ਸੈਲ ਮੀਟਿੰਗ ਸੀ ਤੇ ਉਸ ਮੀਟਿੰਗ ਵਿਚ ਅਸੀਂ 7-8 ਸਾਥੀ ਜੋ ਇਕੱਠੇ ਸਾਂ ਇਕ ਆਵਾਜ਼ ਹੋ ਕੇ ਉਹਦੇ ਬਿਆਨ ਦਾ ਇਹ ਪ੍ਰਤੀਕਰਮ ਦਿਤਾ ਸੀ—"ਸਰਦਾਰ ਪਟੇਲ ਤੇਰੇ ਵਰਗੇ ਇਤਿਹਾਸ ਵਿਚ ਕਈ ਆਏ ਤੇ ਕਈ ਚਲੇ ਗਏ ਪਰ ਜਿਨ੍ਹਾਂ ਵਿਚ ਸਮਾਜਕ ਇਨਸਾਫ ਲਈ ਸੰਘਰਸ਼ ਕਰਨ ਦਾ ਜਜ਼ਬਾ ਹੈ, ਉਹ ਕਦੀ ਵੀ ਕੁਚਲੇ ਨਹੀਂ ਜਾ ਸਕਦੇ"—ਮੇਰਾ ਕਮਿਊਨਿਸਟ ਫਲਸਫੇ ਵਿਚ ਹੁਣ ਵੀ ਉਹੀ ਵਿਸ਼ਵਾਸ ਹੈ। ਇਹੀ ਅੱਜ ਦੇ ਯੁੱਗ ਦਾ 'ਮੁਕਤੀਦਾਤਾ' ਫਲਸਫਾ ਹੈ।

o ਆਉਣ ਵਾਲੇ ਦੌਰ ਵਿਚ ਕਮਿਊਨਿਸਟ ਪਾਰਟੀ ਦੇ ਆਗੂਆਂ ਨੇ ਬੜੇ ਹੀ ਅਜੀਬੋ ਗਰੀਬ ਸਟੈਂਡ ਲਏ। ਕਦੀ ਯੂਨਾਇਟਿਡ ਫਰੰਟ, ਕਦੀ ਸਹਿਹੋਂਦ, ਕਦੀ ਵਦੇਸ਼ੀ ਪਾਲਸੀ ਦੀ ਹਮਾਇਤ, ਕਦੀ ਦੇਸ਼ੀ ਪਾਲਸੀ ਦੀ ਹਮਾਇਤ। ਚੀਨ ਦੇ ਝਗੜੇ ਨੇ ਇਕ ਹੋਰ ਲੀਕ ਖਿੱਚ ਦਿਤੀ। 1964 ਵਿਚ ਪਾਰਟੀ ਦੇ ਦੋ ਹਿੱਸੇ ਹੋਏ। ਦੁਫੇੜ ਦਾ ਇਤਿਹਾਸ ਸ਼ੁਰੂ ਹੋ ਗਿਆ। ਮਾਰਕਸੀ ਸਿਧਾਂਤ ਦੀਆਂ ਵੱਖ ਵੱਖ ਵਿਆਖਿਆਵਾਂ ਆਉਣੀਆਂ ਸ਼ੁਰੂ ਹੋ ਗਈਆਂ। ਆਗੂਆਂ ਵਲੋਂ ਹਰ ਇਕ ਗਲਤੀ ਦੀ ਕੋਈ ਨਾ ਕੋਈ ਵਿਆਖਿਆ ਲੱਭ ਲਈ ਜਾਂਦੀ। ਕਿਹਾ ਗਿਆ ਜਦ ਅੰਤਰਰਾਸ਼ਟਰੀ ਪੱਧਰ ਤੇ ਦੁਫੇੜ ਹੈ ਤਾਂ ਰਾਸ਼ਟਰੀ ਪੱਧਰ ਤੇ ਦੁਫੇੜ ਜ਼ਰੂਰੀ ਹੈ। ਇਤਿਹਾਸ ਇਸ ਗੱਲ ਦੀ ਗਵਾਹੀ ਭਰਦਾ ਹੈ ਅਤੇ ਅਸੀਂ ਜਿਹੜੇ ਉਸ ਵੇਲੇ ਪਾਰਟੀ ਦੇ ਅੰਦਰ ਸਾਂ ਜਾਣਦੇ ਹਾਂ ਕਿ ਇਹ ਦੁਫੇੜ ਕੋਈ ਸਿਧਾਂਤਕ ਨਹੀਂ, ਸਗੋਂ ਸ਼ਖਸੀਅਤਾਂ ਦਾ ਭੇੜ ਸੀ। ਪੰਜਾਬ ਵਿਚ ਸਾਥੀ ਸੁਰਜੀਤ ਦੇ ਜਿਹੜੇ ਸੈਲ ਸਨ ਉਹ ਮਾਰਕਸੀ ਪਾਰਟੀ ਨਾਲ ਚਲੇ ਗਏ ਤੇ ਜਿਹੜੇ ਸਾਥੀ ਮਲਹੋਤਰਾ ਨਾਲ ਸਨ ਉਹ ਸੀ.ਪੀ.ਆਈ. ਬਣ ਗਏ। 22 ਸਾਲਾਂ ਬਾਅਦ ਵੀ ਇਹੋ ਗੱਲ ਲਾਗੂ ਹੁੰਦੀ ਹੈ। ਅੱਜ ਲੰਮੇ ਸਮੇਂ ਦੇ ਬਾਅਦ ਜਦੋਂ ਮੇਰੇ ਸਾਹਮਣੇ ਨਕਸਲੀ ਗਰੁੱਪਾਂ ਦੀ ਦੁਫੇੜਾਂ ਦੀ ਹਿਸਟਰੀ ਹੈ ਅਤੇ ਰੂਸ ਤੇ ਚੀਨ ਦੀਆਂ ਪਾਰਟੀਆਂ ਦੀ ਵੀ ਕਾਰਗੁਜ਼ਾਰੀ ਹੈ ਤਾਂ ਮੈਂ ਯਕੀਨ ਨਾਲ ਕਹਿ ਸਕਦਾ ਹਾਂ ਕਿ ਕਮਿਊਨਿਸਟ ਪਾਰਟੀਆਂ ਦੀ ਫੰਕਸ਼ਨਿੰਗ ਵਿਚ ਬੁਨਿਆਦੀ ਨੁੱਕਸ ਹੈ, ਜੋ ਜ਼ਰੂਰ ਦੂਰ ਹੋਣਾ ਚਾਹੀਦਾ ਹੈ। ਡਸਪਲਿਨ ਦੇ ਨਾਂ ਤੇ ਕੇਡਰ ਨੂੰ ਸਿਰਫ 'ਅੰਨ੍ਹਾ ਸ਼ਰਧਾਲੂ' ਦਾ ਹੀ ਦਰਜਾ ਦੇ ਦਿਤਾ ਗਿਆ ਹੈ। ਅੱਜ ਦਾ ਯੁੱਗ ਸਾਇੰਸ ਦਾ ਯੁੱਗ ਹੈ, ਤੱਰਕ ਦਾ ਯੁੱਗ ਹੈ। ਅੰਧ-ਵਿਸ਼ਵਾਸੀ ਦੀ ਕਿਸੇ ਵੀ ਪੜਾਅ ਵਿਚ ਕੋਈ ਥਾਂ ਨਹੀਂ। ਅਸੀਂ ਐਨਆਰਕੀ ਦੇ ਵਿਰੁੱਧ ਹਾਂ। ਜਥੇਬੰਦੀਆਂ ਡਿਸਪਲਿਨ ਦੇ ਬਿਨਾਂ ਨਹੀਂ ਚਲਦੀਆਂ ਪਰ ਡਿਸਪਲਿਨ ਲਾਗੂ ਕਰਨ ਲਈ ਹੁਣ ਨਵੇਂ ਕੋਡ ਬਨਾਉਣੇ ਜ਼ਰੂਰੀ

ਹਨ, ਜਿਨ੍ਹਾਂ ਵਿਚ ਤਰਕਸ਼ੀਲਤਾ ਨੂੰ ਮੁੱਖ ਥਾਂ ਦਿਤੀ ਜਾਏ। ਸਾਡੇ ਲੀਡਰ ਬਹੁਤ ਵਾਰ ਲੋਕਾਂ ਦੀ ਨਬਜ਼ ਨਹੀ ਪਛਾਣ ਸਕਦੇ, ਕੇਡਰ ਜੇਕਰ ਬੋਲੇ ਤਾਂ ਉਸ ਨੂੰ ਇਹ ਕਹਿ ਕੇ ਚੁੱਪ ਕਰਵਾ ਦਿਤਾ ਜਾਂਦਾ ਹੈ 'ਸਾਥੀ ਤੇਰੀ ਸੋਚ ਨਿਕ ਬੁਰਜੁਵਾ ਹੈ'। ਅਸੀਂ ਜਦੋਂ ਆਪਣੀ ਸਵੈ-ਪੜਚੋਲ ਕਰੀਏ ਤਾਂ ਸਾਨੂੰ ਇਸ ਗੱਲ ਦਾ ਜਵਾਬ ਲੱਭਣਾ ਚਾਹੀਦਾ ਹੈ ਕਿ ਕੀ ਗੱਲ ਹੈ ਕਿ ਅਸੀਂ ਜੋ ਅੰਤਰ ਰਾਸ਼ਟਰੀ ਸਿਆਸਤ ਨੂੰ ਆਪਣੀ ਮੁੱਠੀ ਵਿਚ ਰੱਖਣ ਦਾ ਦਾਅਵਾ ਕਰਦੇ ਹਾਂ, ਮਾਰ ਉਹਨਾਂ ਲੋਕਾਂ ਕੋਲੋਂ ਖਾ ਜਾਂਦੇ ਹਾਂ, ਜਿਨ੍ਹਾਂ ਦਾ ਸਿਆਸੀ ਗਿਆਨ ਹਰਿਮੰਦਰ ਸਾਹਿਬ ਦੀ ਪ੍ਰਕਰਮਾ ਤੱਕ ਸੀਮਤ ਹੁੰਦਾ ਹੈ।

੦ ਪਾਰਟੀ ਦੇ ਕੰਮਾਂ ਵਿਚ ਮੇਰੀ ਵੱਡੀ ਦਿਲਚਸਪੀ ਸਭਿਆਚਾਰਕ ਫਰੰਟ ਵਿਚ ਰਹੀ ਹੈ। ਇਸ ਫਰੰਟ ਦੇ ਅਸੀਂ ਕਮਿਊਨਿਸਟ ਹਮੇਸ਼ਾਂ ਸਰਦਾਰ ਰਹੇ ਹਾਂ। 1957 ਵਿਚ ਇਪਟਾ ਦੀ ਕਾਨਫਰੰਸ ਜੋ ਕਿ ਰਾਮ ਲੀਲਾ ਗਰਾਊਂਡ ਦਿੱਲੀ ਵਿਚ ਹੋਈ, ਦੇਸ਼ ਦੀ ਸਭਿਆਚਾਰਕ ਹਿਸਟਰੀ ਵਿਚ ਹਾਲੀ ਵੀ ਮੀਲ ਪੱਥਰ ਹੈ। ਇਹ ਕਾਨਫਰੰਸ ਅਸਲ ਵਿਚ ਦੇਸ਼ ਭਰ ਦੇ ਕਮਿਊਨਿਸਟ ਕਲਚਰ ਦੇ ਲੋਕਾਂ ਦਾ ਇਕੱਠ ਸੀ। ਸਾਥੀ ਪੀ.ਸੀ. ਜੋਸ਼ੀ ਦੀ ਅਗਵਾਈ ਇਸ ਸਬੰਧ ਵਿਚ ਲਾ-ਮਿਸਾਲ ਸੀ। ਇਹ ਮੇਰਾ ਵਿਸ਼ਵਾਸ ਹੁਣ ਵੀ ਹੈ ਕਿ ਇਸ ਖੇਤਰ ਵਿਚ ਅਸੀਂ ਹਰ ਥਾਂ ਬੁਰਜੂਆ ਜਾਂ ਸਰਕਾਰੀ ਜਥੇਬੰਦੀਆਂ ਨੂੰ ਹਾਰ ਦੇ ਸਕਦੇ ਹਾਂ, ਭਾਵੇਂ ਸਾਡੇ ਸਾਧਨ ਕਿੰਨੇ ਹੀ ਸੀਮਤ ਹੋਣ।

੦ ਇਹ ਨਹੀਂ ਕਿ ਲੋਕਾਂ ਨੇ ਸਾਨੂੰ ਕਦੇ ਸਮਝਿਆ ਨਹੀਂ, 1957 ਵਿਚ ਮੈਂ ਨੰਗਲ ਸਾਂ। ਸਾਡਾ ਟਰੇਡ ਯੂਨੀਅਨ, ਕਲਚਰਲ ਸਾਹਿਤਕ ਖੇਤ੍ਰਾਂ ਵਿਚ ਇਹੋ ਜਿਹਾ ਕੰਮ ਸੀ ਕਿ ਜਦ ਅਲੈਕਸ਼ਨਾਂ ਹੋਈਆਂ ਤਾਂ ਸਾਡੀ ਸੀਟ ਤੇ ਸਾਥੀ ਰਾਮਕਿਸ਼ਨ ਭੜੋਲੀਆਂ ਵਡੀ ਗਿਣਤੀ ਵਿਚ ਜਿਤਿਆ। ਉਸ ਵੇਲੇ ਵੀ ਸਾਡੇ ਸਾਧਨ ਬੜੇ ਸੀਮਤ ਸਨ। ਉਸ ਅਲੈਕਸ਼ਨ ਦਾ ਹਿਸਾਬ ਮੇਰੇ ਕੋਲ ਸੀ। ਉਹ ਅਲੈਕਸ਼ਨ ਅਸੀਂ ਸਿਰਫ 2700/ ਖਰਚ ਕਰਕੇ ਜਿਤੀ ਸੀ। ਪੈਸੇ ਨਾਲੋਂ ਸਾਡੀ ਮੇਹਨਤ ਬਹੁਤੀ ਮਹੱਤਤਾ ਰਖਦੀ ਸੀ।

੦ ਮੇਰੇ ਸਾਥੀਓ, ਮੈਂ ਆਪਣੀਆਂ ਯਾਦਾਂ ਤੁਹਾਡੇ ਨਾਲ ਤਾਂ ਸਾਂਝੀਆਂ ਕਰ ਰਿਹਾ ਹਾਂ ਕਿ ਮੈਨੂੰ ਪਹਿਲੇ ਵੀ ਤੇ ਬਾਅਦ ਵਿਚ ਵੀ ਐਸੇ ਸਾਥੀਆਂ ਨਾਲ ਕੰਮ ਕਰਨ ਦਾ ਮੌਕਾ ਮਿਲਿਆ ਹੈ, ਜਿਨ੍ਹਾਂ ਦੀ ਇਮਾਨਦਾਰੀ ਅਤੇ ਸਿਧਾਂਤ ਵਲ ਪ੍ਰਤੀਬੱਧਤਾ ਬੜੀ ਦ੍ਰਿੜ ਸੀ। ਅੰਮ੍ਰਿਤਸਰ ਵਿਚ ਭਾਵੇਂ ਸਾਥੀ ਪ੍ਰਦੁਮਣ ਸਿੰਘ ਜਾਂ ਸਾਥੀ ਡਾਂਗ ਹੋਰੀ ਸਨ ਤੇ ਨੰਗਲ ਵਿਚ ਰਾਮਕਿਸ਼ਨ ਭੜੋਲੀਆਂ, ਦਰਸ਼ਨ ਸਿੰਘ ਆਦਿਕ ਸਨ, ਬਹੁਤ ਹੀ ਵਧੀਆ ਸਾਥੀ ਸਨ, ਪਰ ਫੇਰ ਵੀ ਜੋ ਸਾਡੀ ਲਹਿਰ ਵੱਧ ਨਹੀਂ ਸਕੀ ਤਾਂ ਇਹਦਾ ਕਾਰਨ ਨਾ ਹੀ ਸੀਮਤ ਸਾਧਨ ਤੇ ਨਾ ਹੀ ਇਮਾਨਦਾਰ ਕੇਡਰ ਦੀ ਕੰਮੀ ਸੀ, ਸਗੋਂ ਇਹ ਸੀ ਕਿ ਅਸੀਂ ਦੇਸ਼ ਦੀ ਸਿਆ-ਸੱਤ ਦੇ ਯਥਾਰਥ ਨੂੰ ਸਮਝਣ ਵਿਚ ਨਾ ਕਾਮਯਾਬ ਰਹੇ। ਸਿਆਸੀ ਥਿਊਰੀ ਦੇ ਏਨੇ ਉਸਤਾਦ ਹਾਂ ਕਿ ਅਪਣੀ ਹਰ ਇਕ ਅਸਫਲਤਾ ਦਾ ਕੋਈ ਨਾ ਕੋਈ ਕਾਰਨ ਲਭ ਲੈਂਦੇ ਹਾਂ, ਕਦੀ ਨਿੱਕ ਬੁਰਜੂਆ ਲੀਡਰਸ਼ਿਪ, ਕਦੀ ਬੁਰਜੂਆ ਘੁੱਸਪੈਠੀਏ, ਕਦੀ ਪਾਰਲੀਮੈਂਨੀ ਸੋਧਵਾਦ, ਕਦੀ ਆਤੰਕ-ਵਾਦੀ ਮਾਰਕੇਬਾਜ਼ੀ ਆਦਿਕ। ਇਹ ਸਭ ਕੁਝ ਜ਼ਰੂਰੀ ਨਹੀਂ ਕਿ ਅਸੀਂ ਬੇਈਮਾਨੀ ਨਾਲ ਕਰੀਏ, ਸਗੋਂ ਬਹੁਤ ਵਾਰ ਅਸੀਂ ਅਪਣੀ ਹੀ ਬੌਧਿਕ ਸ਼ਬਦਾਵਲੀ ਦੇ ਚੱਕਰ ਵਿਚ ਫੱਸ ਜਾਂਦੇ ਹਾਂ। ਬਹੁਤੇ ਸਿਆਣੇ ਅਪਣੀ ਹੀ ਸਿਆਣਪਤਾ ਦੇ ਸ਼ਿਕਾਰ ਹੋ ਜਾਂਦੇ ਹਾਂ। ਗ਼ਲਤੀ ਕਿਧਰੇ ਹੋਰ ਹੁੰਦੀ ਹੈ, ਲਭਦੇ ਕਿਤੇਂ ਹੋਰ ਹਾਂ।

੦ ਮੈਂ ਅਪਣੇ ਪਹਿਲੇ ਕਮਿਊਨਿਸਟ ਜੀਵਨ ਤੋਂ 1971 ਵਿਚ ਤੋੜ ਵਿਛੋੜਾ ਕੀਤਾ। ਅਲੈਕਸ਼ਨਾਂ ਵਿਚ ਕਾਂਗਰਸ ਦਾ ਤਿਰੰਗਾ ਅਤੇ ਦਾਤੀ ਸਿੱਟੇ ਦਾ ਲਾਲ ਝੰਡਾ ਜਦੋਂ ਇਕੋ ਹੀ ਮੰਚ ਤੇ ਲਹਿਰਾਂਦਾ ਵਖਿਆ ਤਾਂ ਉਹ ਬਰਦਾਸ਼ਤ ਤੋਂ ਬਾਹਰ ਹੋ ਗਿਆ। 1971 ਤੋਂ ਬਾਅਦ ਮੇਰੀ ਸਾਝ ਅਰਥਵਾਦਾਰੀ ਪੂਰੀ ਤਰ੍ਹਾਂ ਨਕੱਸਲਬਾੜੀ ਲਹਿਰ ਨਾਲ ਹੈ ਭਾਵੇਂ ਮੈਂ ਕਦੀ ਵੀ ਇਹਦੇ ਕਿਸੇ ਵੀ ਗਰੁੱਪ ਦੇ ਮੈਂਬਰ ਦੀ ਹੈਸੀਅਤ ਵਿਚ ਕੰਮ ਨਹੀਂ ਕੀਤਾ। ਅਸੀਂ ਉਹ ਲੋਕ ਹਾਂ ਜੋ ਸਮਾਜਕ ਇਨਕਲਾਬ ਲਈ ਪੂਰੀ ਤਰ੍ਹਾਂ ਵਚਨਬੱਧ ਹਾਂ। ਸਾਡੀ ਇਸ ਗੱਲ ਨਾਲ ਤਸੱਲੀ ਨਹੀਂ ਹੈ ਕਿ ਜਿਹੜੀਆਂ ਜਥੇਬੰਦ ਦੋਨੋਂ ਵਡੀਆਂ ਕਮਿਊਨਿਸਟ ਪਾਰਟੀਆਂ ਹਨ, ਉਹ ਅਪਣੀ ਭੂਮਿਕਾ ਠੀਕ ਤਰ੍ਹਾਂ ਨਿਭਾ ਰਹੀਆਂ ਹਨ। ਉਹ ਪਾਰਲੀਮੈਂਨੀ ਸਰਗਰਮੀਆਂ ਵਿਚ ਪੈਕੇ ਅਪਣਾ ਇਨਕਲਾਬੀ ਸ਼ਵ ਗਵਾ ਬੈਠੀਆਂ ਹਨ। ਸਾਡੀ ਲਹਿਰ ਕਮਿਊਨਿਸਟ ਲਹਿਰ ਦਾ ਹੀ ਇਕ ਅਗਲਾ ਹਿੱਸਾ ਹੈ। ਸਾਡੀ ਲਹਿਰ ਦੇ ਲੀਡਰ ਸ਼ੁਰੂ ਵਿਚ ਉਹੀ ਸਨ ਜਿਨ੍ਹਾਂ ਨੇ ਇਹਨਾਂ ਵਡੀਆਂ ਪਾਰਟੀਆਂ ਦੀ ਲੀਡਰਸ਼ਿਪ ਤੇ ਬਗਾਵਤ ਕੀਤੀ। ਪੰਜਾਬ ਵਿਚ ਨਕਸਲ ਵਾੜੀ ਸ਼ੁਰੂ ਦੀ ਲੀਡਰਸ਼ਿਪ ਵੀ ਉਹਨਾਂ ਲੋਕਾਂ ਕੋਲ ਹੀ ਸੀ ਜੋ ਦੋਨੋਂ ਪਾਰਟੀਆਂ ਦੇ ਬਾਗੀ ਕੇਡਰ ਵਿਚੋਂ ਸਨ। ਇਥੋਂ ਹੀ ਹੁਣ ਗੱਲ ਸ਼ੁਰੂ ਕਰਨੇ ਹਾਂ ਕਿ ਸਾਨੂੰ ਕੀ ਕਰਨਾ ਚਾਹੀਦਾ ਸੀ, ਕਿੰਨਾਂ ਕੁਝ ਕਰ ਸਕੇ, ਕਿੰਨਾਂ ਕੁਝ ਨਹੀਂ ਕਰ ਸਕੇ।

੦ ਅਸੀਂ ਜਮਾਤੀ ਭਾਈਵਾਲੀ ਦੇ ਵਿਰੁੱਧ ਸਾਂ। ਸਾਡਾ ਸਟੈਂਡ ਦਰੁੱਸਤ ਸੀ। ਮੇਰੇ ਸਾਹਮਣੇ ਮੋਲਡਰ ਐਂਡ ਸਟੀਲ ਵਰਕਰਜ਼ ਯੂਨੀਅਨ ਦੀਆਂ ਚੋਣਵੀਆਂ ਲਿਖਤਾਂ

ਦੀ ਇਕ ਕਿਤਾਬ ਪਈ ਹੈ । ਇਹ ਮੇਰੇ ਹੱਥੋਂ ਹੀ ਛਪੀ ਸੀ । ਮੈਂ ਇਸਨੂੰ ਇਕ ਇਤਿਹਾਸਿਕ ਦਸਤਾਵੇਜ਼ ਦਾ ਦਰਜ਼ਾ ਦੇਣਾ ਹਾਂ । ਇਹ 1977 ਵਿਚ ਛੱਪੀ ਸੀ ਤੇ ਇਸ ਵਿਚ ਉਹ ਸਭ ਕੁਝ ਦਰਜ ਹੈ ਜੋ ਅਸੀ ਮਜ਼ਦੂਰ ਫਰੰਟ ਤੇ ਅਪਣਾਇਆ । ਸਾਨੂੰ ਚਾਹੀਦਾ ਸੀ ਕਿ ਅਸੀਂ ਅਪਣੀ ਜਮਾਤ ਵਿਚ ਪਹਿਲੀਆਂ ਪਾਰਟੀਆਂ ਨਾਲੋਂ ਵੱਧ ਕੰਮ ਕਰੀਏ । ਉਹਨਾਂ ਵਿਚ ਚੇਤਨਾ ਲਿਆਈਏ । ਇਹਦੇ ਲਈ ਜ਼ਰੂਰੀ ਸੀ ਕਿ ਅਸੀਂ ਉਹ ਅਸੂਲ ਅਪਣਾਈਏ ਕਿ ਜਮਾਤ ਵਿਚ ਏਕਤਾ ਕਾਇਮ ਰਹੇ । ਉਹਨਾਂ ਜਥੇਬੰਦੀਆਂ ਵਿਚੋਂ ਹੀ ਕੰਮ ਕਰੀਏ ਜੋ ਮਿਹਨਤ ਅਤੇ ਸਿਰੜ ਨਾਲ ਪਹਿਲੇ ਸਾਥੀਆਂ ਵਲੋਂ ਕਾਇਮ ਕੀਤੀਆਂ ਗਈਆਂ ਸਨ । ਉਹਨਾਂ ਵਿਚ ਕੰਮ ਕਰਕੇ ਤਾਕਤ ਬਣਾਈਏ ਪਰ ਅਸੀਂ ਸਿਰੇ ਤੋਂ ਹੀ ਜਾਂ ਕਹਿ ਲਵੋ ਕਿ ਮੁੱਢੋਂ ਹੀ ਕੰਮ ਸ਼ੁਰੂ ਕਰ ਦਿਤਾ ਜਿਸ ਤਰ੍ਹਾਂ ਕਿ 1970 ਤੋਂ ਪਹਿਲਾਂ ਹਿੰਦੋਸਤਾਨ ਵਿਚ ਕੋਈ ਟਰੇਡ ਯੂਨੀਅਨ ਇਤਹਾਸ ਜਾਂ ਮਜ਼ਦੂਰ ਸਿਆਸਤ ਦਾ ਨਾਂ ਹੀ ਨਹੀਂ ਸੀ ।

o ਸਾਨੂੰ ਇਕ ਕੇਂਦਰ ਉਸਾਰਨਾ ਚਾਹੀਦਾ ਸੀ, ਜਿਸ ਵਿਚ ਨਵਾਂ ਕੇਡਰ ਵੀ ਆਂਦਾ ਤੇ ਉਹ ਵੀ ਆਂਦੇ ਜੋ ਸਥਾਪਤ ਕਮਿਊਨਿਸਟ ਪਾਰਟੀਆਂ ਹੀ ਕਾਰਗੁਜ਼ਾਰੀਆਂ ਤੋਂ ਤਸੱਲੀ ਨਹੀਂ ਸਨ ਮਹਿਸੂਸ ਕਰਦੇ; ਪਰ ਉਹ ਕੇਂਦਰ ਉਸਾਰਨ ਦੀ ਥਾਂ ਅਸੀਂ ਸ਼ੁਰੂ ਤੋਂ ਹੀ ਗਰੁੱਪ ਸਿਆਸਤ ਨੂੰ ਸਮੇਂ ਦੀ ਲੋੜ ਆਖੀ । ਯਾਨੀ ਕੇਂਦਰ ਨਾ ਉਸਾਰਨ ਦੀ ਅਪਣੀ ਅਸਫਲਤਾ ਨੂੰ ਹੀ ਸਮੇਂ ਦੀ ਸਿਆਸਤ ਦਾ ਨਾਂ ਦਿਤਾ । ਨਵੇਂ ਨਵੇਂ ਸਿਧਾਂਤ ਘੜ ਲਏ ਕਿ ਦੇਸ਼ ਦੀ ਆਰਥਕਤਾ ਅਤੇ ਨਾਬਰਾਬਰ ਆਰਥਕ ਵਿਕਾਸ ਮੰਗ ਕਰਦਾ ਹੈ ਕਿ ਇਨਕਲਾਬ ਲਈ ਲੋੜ ਅਨੁਸਾਰ ਸੀਮਤ ਥਾਵਾਂ ਤੇ ਗਰੁੱਪਾਂ ਵਿਚ ਕੰਮ ਕੀਤਾ ਜਾਏ । ਪਹਿਲੀਆਂ ਕਮਿਊਨਿਸਟ ਪਾਰਟੀਆਂ ਵਿਚ ਜੋ ਇਹ ਗ਼ਲਤੀਆਂ ਕਿ ਉਹ ਪਾਰਟੀ ਡਸਪਲਿਨ ਦੇ ਨਾਂ ਤੇ ਇਕ ਏਕਾਧਿਕਾਰ ਵਾਲੇ ਕੇਂਦਰ ਵਿਚ ਯਕੀਨ ਰਖਦੇ ਸਨ, ਸਾਡੇ ਵਿਚ ਗ਼ਲਤੀ ਸੀ ਕਿ ਅਸੀਂ ਗਰੁੱਪ ਸਿਆਸਤ ਨੂੰ ਅਪਣਾ ਅਮਲ ਬਣਾ ਲਿਆ । ਇਹ ਭੁੱਲ ਗਏ ਕਿ ਕੇਂਦਰ ਬਣਾਏ ਬਗੈਰ ਕੋਈ ਵੀ ਕੰਮ ਕਿਸ ਤਰ੍ਹਾਂ ਸਿਰੇ ਚੜ੍ਹਾਇਆ ਜਾ ਸਕਦਾ ਹੈ ? ਦੁਫੇੜਪਣ (Splits) ਨੂੰ ਸਿਰਫ ਅਮਲ ਨਹੀਂ ਬਣਾਇਆ ਸਗੋਂ ਇਸਨੂੰ ਸਿਧਾਂਤ ਵੀ ਦੇ ਦਿਤਾ ।

o ਮੇਰੇ ਸਾਹਮਣੇ ਇਕ ਰੀਪੋਰਟ ਹੈ, ਜਿਸ ਵਿਚ ਉਹ ਸਾਰੀ ਕਾਰਗੁਜ਼ਾਰੀ ਹੈ, ਜਿਸ ਕਰਕੇ ਵੱਖ ਵੱਖ ਗਰੁੱਪਾਂ ਵਿਚ ਫਿਰਕਾਪ੍ਰਸਤੀ ਵਿਰੁਧ ਇਕ ਸਾਂਝਾ ਥੱੜਾ ਬਨਾਉਣ ਲਈ ਵਖਰੇਵਾਂ ਆਇਆ । ਪਹਿਲੇ ਮੁਸਕਿਲ ਇਹ ਆਈ ਕਿ ਇਹ ਥੜਾ ਪਾਰਟੀਆਂ ਦੀ ਪੱਧਰ ਤੇ ਬਣਾਇਆ ਜਾਏ ਕਿ ਅਵਾਮੀ ਜਥੇਬੰਦੀਆਂ ਦੇ ਪੱਧਰ ਤੇ। ਗਰੁੱਪਾਂ ਦੀ ਰਾਏ ਵੱਖਰੀ ਸੀ । ਫੇਰ ਇਹ ਵਖਰੇਵਾਂ ਆਇਆ ਕਿ ਸੋਧਵਾਦੀਆਂ ਨਾਲ ਫਰੰਟ ਨਹੀਂ ਬਣਾਇਆ ਜਾ ਸਕਦਾ ਤੇ ਇਹਨਾਂ ਸੋਧਵਾਦੀਆਂ ਵਿਚ ਐਸ. ਐਨ ਗਰੁੱਪ ਅਤੇ ਪੂਲਾ ਰੈਡੀ ਗਰੁੱਪ ਵਾਲੇ ਸ਼ਾਮਿਲ ਕਰ ਦਿਤੇ ਗਏ । ਇਹ ਗਰੁੱਪ ਕਿਉਂਕਿ ਅਲੈਕਸ਼ਨਾਂ ਵਿਚ ਹਿੱਸਾ ਲੈਂਦੇ ਹਨ, ਇਸ ਲਈ ਸ਼ੁੱਧ ਇਨਕਲਾਬੀ ਇਹਨਾਂ ਨਾਲ ਨਹੀਂ ਰੱਲ ਸਕਦੇ । ਵਿਚੋਂ ਕੰਮ ਕੀ ਏ ? ਇਹੋ ਨਾ ਕਿ ਪੰਜਾਬ ਵਿਚ ਫਿਰਕੂ ਦਹਿਸ਼ਤਗਰਦੀ ਦਾ ਕਿਸਤਰ੍ਹਾਂ ਮੁਕਾਬਲਾ ਕੀਤਾ ਜਾਏ । ਜਿੰਨੇ ਬਹੁਤ ਲੋਕ ਇਕ ਫਰੰਟ ਸ਼ਾਮਲ ਹੋਣਗੇ, ਉਨਾ ਹੀ ਕੰਮ ਬਹੁਤਾ ਹੋਵੇਗਾ । ਅਖੀਰ ਤਿੰਨ ਹੀ ਗਰੁਪ (ਐਮ.ਐਨ., ਪੂਲਾ ਰੈਡੀ ਤੇ ਜੈਕੋਰਾਂ) ਵਾਲੇ ਇਹ ਫਰੰਟ ਬਣਾ ਸਕੇ । ਮੈਂ ਇਸ ਸੀਮਤ ਫਰੰਟ ਨੂੰ ਵੀ ਜੀ ਆਇਆਂ ਆਖਾਂਗਾ ਕਿਉਂਕਿ ਇਹਦੇ ਵਿਚ ਉਹ ਲੋਕ ਸ਼ਾਮਲ ਨੇ, ਜਿਹਨਾਂ ਨੇ ਪਿਛਲੇ ਕੁਝ ਸਾਲਾਂ ਵਿਚ ਹਕੂਮਤੀ ਜਬਰ ਨੂੰ ਸਹਿੰਦਿਆਂ ਹੋਇਆਂ ਫਿਰਕਾਪ੍ਰਸਤੀ ਵਿਰੁਧ ਦ੍ਰਿੜਤਾ ਨਾਲ ਕੰਮ ਕੀਤਾ । ਸੁਰਖ ਰੇਖਾ, ਜਨਤਕ ਲੀਹ, ਮੋਲਡਰ ਐਂਡ ਸਟੀਲ, ਜਮਹੂਰੀ ਅਧਿਕਾਰ ਸਭਾ, ਰੋਡਵੇਜ਼ ਵਰਕਰ, ਹੋਟਲ ਬਹਿਰਾ ਯੂਨੀਅਨ ਵਾਲਿਆਂ ਨੇ ਲੁਧਿਆਣੇ ਜਿਹੜਾ ਕੰਮ ਕੀਤਾ ਉਹ ਵੀ ਸ਼ਲਾਘਾਯੋਗ ਹੈ । ਪਟਿਆਲੇ ਮਾਰਕਸੀ ਵਿਚਾਰ ਮੰਚ ਵਾਲੇ ਵਧੀਆ ਕੰਮ ਕਰ ਰਹੇ ਹਨ । ਦੂਜੇ ਸਾਥੀ ਜਿਹੜੇ ਜਗਰਾਉਂ, ਮੋਗਾ ਤੇ ਫਰੀਦ-ਕੋਟ ਕੰਮ ਕਰ ਰਹੇ ਹਨ (ਕਮਿਊਨਿਸਟ ਬ੍ਰੀਗੇਡ, ਟਾਕਰਾ ਵਾਲੇ) ਉਹ ਵੀ ਸ਼ਲਾਘਾਯੋਗ ਹੈ । ਜੇਕਰ ਇਹ ਸਾਰੇ ਇਕ ਸੈਂਟਰ ਜਾਂ ਇਕ ਫੋਰਮ ਤੋਂ ਕੰਮ ਕਰਨ ਤਾਂ ਉਹੀ ਕੰਮ ਹੋਰ ਵੀ ਅਸਰਦਾਇਕ ਤਰੀਕੇ ਨਾਲ ਚਲ ਸਕਦਾ ਹੈ । ਇਹ ਗੱਲਾਂ ਇਕ ਕੇਂਦਰ ਦੀ ਲੋੜ ਨੂੰ ਸਾਬਤ ਕਰਦੀਆਂ ਹਨ । ਹਾਸੋਹਾਣੀਆਂ ਪੁਜ਼ੀਸ਼ਨਾਂ ਨੂੰ ਸਿਧਾਂਤਕ ਪੁਜ਼ੀਸ਼ਨਾਂ ਦੇ ਵੱਡੇ ਵੱਡੇ ਨਾਂ ਦੇ ਕੇ ਹਰ ਸਾਝੇ ਕੰਮ ਨੂੰ ਠੋਸ ਪੁਚਾਣੀ ਕਿਥੋਂ ਦੀ ਅਕਲਮੰਦੀ ਹੈ ?

o ਸਾਰੇ ਮਿਲਕੇ ਕੰਮ ਕਰੀਏ ਤਾਂ ਕੁਝ ਨਤੀਜੇ ਵੀ ਕਢੀਏ । ਮੈਂ ਜੇਕਰ ਆਪਣੀ ਮਿਸਾਲ ਲੈ ਲਵਾਂ ਤਾਂ ਕਿੰਨੀਆਂ ਹੀ ਥਾਵਾਂ ਤੇ ਨਾਟਕ ਕਰ ਜਾਂਨਾ ਹਾਂ । ਮੈਨੂੰ ਪਤਾ ਹੈ ਕਿ ਮੈਨੂੰ ਬੁਲਾਉਣ ਵਾਲੇ ਆਪਣੇ ਹੀ ਸਾਥੀ ਹਨ ਪਰ ਇਕ ਨਾਂ ਹੋਣ ਕਰਕੇ ਉਹ ਕਦੀ 'ਫਿਰਕਾਪ੍ਰਸਤੀ ਵਿਰੋਧੀ ਕਮੇਟੀ' ਦੇ ਨਾਂ ਥਲੇ ਕਦੀ 'ਸਭਿਆਚਾਰਕ ਕਮੇਟੀ' ਦੇ ਨਾਂ ਥਲੇ, ਕਦੀ 'ਸਦਭਾਵਨਾ ਕਮੇਟੀ' ਦੇ ਨਾਂ ਥਲੇ ਇਹ ਪ੍ਰੋਗਰਾਮ ਕਰਦੇ ਹਨ । ਲੋਕ ਵੀ ਇਕਠੇ ਹੁੰਦੇ ਹਨ । ਸਾਡੀ ਗੱਲ ਵੀ ਸੁਣਦੇ ਹਨ ਪਰ ਮਿਹਨਤ

ਦਾ ਸਿਆਸੀ ਲਾਹਾ ਅਸੀਂ ਨਹੀਂ ਲੈ ਸਕਦੇ । ਕਿਹੜੇ ਨਾਂ ਥੱਲੇ ਲਈਏ ? ਸਾਨੂੰ ਕਿਸੇ ਨੂੰ ਵੀ ਕੋਈ ਜ਼ਾਤੀ ਲਾਹਾ ਨਹੀਂ ਚਾਹੀਦਾ ਪਰ ਅਸੀਂ ਇਹ ਤਾਂ ਚਾਹੁੰਦੇ ਹਾਂ ਕਿ ਸਾਡਾ ਹਰ ਇਕ ਕੰਮ ਸਾਡੀ ਲਹਿਰ ਲਈ ਤਾਂ ਫਾਇਦੇਮੰਦ ਹੋਵੇ । ਇਕ ਕੇਂਦਰ ਦੀ ਕਾਇਮੀ ਸਾਡੀ ਲੋੜ ਬਣਦੀ ਹੈ । ਪਲਸ ਮੰਚ ਲਈ ਕੰਮ ਕਰਦਿਆਂ ਵੀ ਮੈਨੂੰ ਇਸ ਕੇਂਦਰ ਦੀ ਲੋੜ ਭਾਸਦੀ ਹੈ । ਦਿਸ਼ਾ ਲੈਣ ਲਈ ਵੀ ਤੇ ਸਿਆਸੀ ਲਾਹ ਲਈ ਵੀ । ਜਿਸ ਤਰ੍ਹਾਂ ਪਹਿਲਿਆਂ ਵਿਚ ਡਿਪੁਟਾ ਫਰੰਟ ਤੇ ਹਰ ਕੀਤਾ ਕੰਮ ਉਸ ਵੇਲੇ ਦੀ ਸੰਥਾਪਤ ਕਮਿਊਨਿਸਟ ਪਾਰਟੀ ਨੂੰ ਤਾਕਤ ਦੇਂਦਾ ਸੀ ।

o ਮੈਂ ਪਿੱਛੇ ਸਲਾਬਤਪੁਰ ਨਾਟਕ ਕਰਨ ਗਿਆ । ਸਾਰਾ ਪ੍ਰਬੰਧ ਮੁਕੰਮਲ ਸੀ ਪਰ ਪਿੰਡ ਦਾ ਸਰਪੰਚ ਜਿਹੜਾ ਬਾਬਾ ਅਕਾਲੀ ਦਲ ਨਾਲ ਸਬੰਧ ਰਖਦਾ ਸੀ, ਉਹਨੇ ਇਹ ਨਾਟਕ ਨਾ ਹੋਣ ਦਿਤਾ । ਐਸ.ਐਚ.ਓ, ਉਹਦੇ ਹੁਕਮ ਵਿਚ ਸੀ । ਮੈਂ ਯਾਦ ਕੀਤਾ ਇਹਨਾਂ ਹੀ ਇਲਾਕਿਆਂ ਵਿਚ ਪ੍ਰਿਥੀ ਦੀ ਸ਼ਹਾਦਤ ਦੇ ਬਾਅਦ ਹਜ਼ਾਰਾਂ ਦੀ ਗਿਣਤੀ ਵਿਚ ਇਕੱਠ ਕਰਕੇ ਰੈਲੀਆਂ ਕੀਤੀਆਂ ਸਨ । ਸਾਡੀ ਤਾਕਤ ਅਗੇ ਕੋਈ ਖਲੋ ਨਹੀਂ ਸਕਦਾ ਸੀ । ਭਦੌੜ ਵਿਚ ਜਦੋਂ ਇਹ ਰੈਲੀ ਕੀਤੀ ਤਾਂ ਸਾਦ ਮੁਹੰਮਦ ਇਹਦਾ ਮੁੱਖ ਪ੍ਰਬੰਧਕ ਸੀ । ਨੌਜਵਾਨ ਭਾਰਤ ਸਭਾ ਦਾ ਪ੍ਰਧਾਨ ਵੀ ਸੀ । ਬੇਮਿਸਾਲ ਰੈਲੀ ਸੀ, ਔਰਤਾਂ ਦੀ ਗਿਣਤੀ ਦਾ ਵੀ ਕੋਈ ਹਿਸਾਬ ਨਹੀਂ ਸੀ । ਇਸੇ ਤਰ੍ਹਾਂ ਭੋਤਨੇ ਰੈਲੀ ਹੋਈ ਸੀ । ਵੱਡੀ ਗਿਣਤੀ ਵਿਚ ਔਰਤਾਂ ਮਸ਼ਾਲਾਂ ਦਾ ਜਲੂਸ ਕੱਢ ਕੇ ਇਸ ਰੈਲੀ ਵਿਚ ਸ਼ਾਮਲ ਹੋਈਆਂ ਸਨ । ਹੁਣ ਹਾਲਤ ਇਹ ਬਣੀ ਹੋਵੇ ਕਿ ਇਕ ਸਰਪੰਚ ਸਾਡੇ ਕੀਤੇ ਕਰਾਏ ਕੰਮ ਨੂੰ ਠੱਪ ਕਰ ਦੇਵੇ ਤੇ ਅਸੀਂ ਕੁਝ ਨਾ ਕਰ ਸਕਦੇ ਹੋਈਏ । ਸਾਡੇ ਕੋਲ ਆਪਣੀ ਨੌਜਵਾਨ ਭਾਰਤ ਸਭਾ ਨਾ ਹੋਵੇ ਤੇ ਸਾਨੂੰ ਐਵੇਂ ਬੇਮਾਅਨੀ ਜਿਹੀਆਂ ਸੰਸਥਾਵਾਂ ਦੇ ਝੰਡਿਆਂ ਹੇਠ ਆਪਣਾ ਕੰਮ ਕਰਨਾ ਪਵੇ । ਇਹਨਾਂ ਝੰਡਿਆਂ ਥੱਲੇ ਆਪਣੇ ਇਨਕਲਾਬੀ ਪ੍ਰੋਗਰਾਮ ਨੂੰ ਅਸੀਂ ਕਦੀ ਵੀ ਸਹੀ ਦਿਸ਼ਾ ਵੱਲ ਨਹੀਂ ਲਿਜਾ ਸਕਾਂਗੇ । ਇਹ ਸਰਗਰਮੀਆਂ ਐਵੇਂ ਵਕਤ ਕੱਟੀ ਦੀਆਂ ਸਰਗਰਮੀਆਂ ਹਨ । ਆਪਣੇ ਝੰਡਿਆਂ ਥੱਲੇ ਭਾਵੇਂ ਥੋੜਾ ਕੰਮ ਵੀ ਕਰਾਂਗੇ, ਉਹ ਪ੍ਰਾਪਤੀ ਹੋਵੇਗੀ ਭਾਵੇਂ ਛੋਟੀ ਹੀ ਹੋਵੇ ।

o ਐਮਰਜੈਂਸੀ ਦੇ ਦਿਨ ਸਨ । ਮੈਨੂੰ 19 ਸਤੰਬਰ, 1975 ਨੌਕਰੀ ਤੋਂ ਜਵਾਬ ਮਿਲਿਆ । 22 ਸਤੰਬਰ ਮੈਨੂੰ ਪ੍ਰਿਥੀ ਦਾ ਜੇਲ੍ਹ ਵਿਚੋਂ ਲਿਖਿਆ ਇਕ ਰੁੱਕਾ ਮਿਲਿਆ । ਆਪਣੀ organisation ਰਾਹੀਂ ਉਹਨੇ ਮੇਰਾ ਸਾਰਾ ਪ੍ਰੋਗਰਾਮ ਮਿੱਥ ਲਿਆ । ਮੈਂ 13 ਜੁਲਾਈ 1977 ਫੇਰ ਨੌਕਰੀ ਵਾਪਸ ਗਿਆ, ਪਰ ਇਹਨਾਂ 22 ਮਹੀਨਿਆਂ ਵਿਚ ਇਕ ਦਿਨ ਵੀ ਐਸਾ ਨਹੀਂ ਸੀ ਜਦੋਂ ਮੈਂ ਮਹਿਸੂਸ ਕੀਤਾ ਕਿ ਮੇਰੇ ਲਈ ਕੋਈ ਕੰਮ ਨਹੀਂ, ਮੇਰਾ ਕਹਿਣ ਦਾ ਮਤਲਬ ਹੈ ਕਿ ਸਾਡਾ ਇਕ ਕੇਂਦਰ ਹੋਵੇ ਤਾਂ ਅਸੀਂ ਆਪਣੇ ਬੰਦਿਆਂ ਨੂੰ ਦੁੱਖ ਸੁੱਖ ਵਿਚ ਸਾਂਭ ਸਕਦੇ ਹਾਂ ।

o ਮੈਂ 1983 ਵਿਚ ਵੀ ਅਤੇ 1985 ਵਿਚ ਵੀ ਕੈਨੇਡਾ, ਅਮਰੀਕਾ, ਇੰਗਲੈਂਡ ਗਿਆ । ਉਥੇ ਸਾਡੇ ਬਹੁਤ ਹੀ ਸਹਿਯੋਗੀ ਹਨ । ਜੇ ਮੈਂ ਇਹ ਆਖਾਂ ਕਿ ਗੁਰਦੁਆਰਿਆਂ ਤੋਂ ਬਾਹਰ ਸਾਡੇ ਪੰਜਾਬੀ ਸਹਿਯੋਗੀ ਹੀ ਸਾਰਿਆਂ ਨਾਲੋਂ ਵੱਧ ਜਥੇਬੰਦ ਹਨ । ਉਹਨਾਂ ਦੀਆਂ ਸ਼ਕਤੀਸ਼ਾਲੀ ਜਥੇਬੰਦੀਆਂ ਹਨ । ਉਹ ਆਪਣੇ ਦੇਸ਼ ਦੇ ਇਨਕਲਾਬ ਲਈ ਆਪਣੀ ਵਿਤ ਅਨੁਸਾਰ ਪੂਰਾ ਹਿੱਸਾ ਪਾਉਣਾ ਚਾਹੁੰਦੇ ਹਨ । ਪਾ ਵੀ ਰਹੇ ਹਨ । ਪਰ ਉਹਨਾਂ ਨੂੰ ਵੀ ਪੂਰੀ ਤਰ੍ਹਾਂ ਪਤਾ ਨਹੀਂ ਲਗਦਾ ਕਿ ਉਹ ਸਹਿਯੋਗ ਲਈ ਪਹਿਚਾਣ ਕਿਸ ਤਰ੍ਹਾਂ ਕਰਨ । ਉਹ ਆਪਣੇ ਪਿੱਛੇ ਦੇ ਚਲੇ ਆ ਰਹੇ ਸਬੰਧਾਂ ਅਨੁਸਾਰ ਹੀ ਕਾਰਵਾਈ ਤੇ ਮਜਬੂਰ ਹੁੰਦੇ ਹਨ । ਇਹ ਬਹੁਤੀ ਵਾਰੀ ਲਾਹੇਵੰਦ ਸਾਬਤ ਨਹੀਂ ਹੁੰਦੀ । ਇਕ ਕੇਂਦਰ ਹੋਵੇ ਤਾਂ ਉਹਨਾਂ ਦਾ ਸਹਿਯੋਗ ਵੀ ਆਸਾਨ ਹੋ ਸਕਦਾ ਹੈ ।

o ਸਾਡੇ ਇਨਕਲਾਬੀਆਂ ਵਿਚ ਇਕ ਪੈਗ਼ਾਮ ਗਰੁੱਪ ਹੈ । ਪੈਗਾਮ ਦਾ ਸੰਪਾਦਕ ਮਾਲਵਿੰਦਰ ਮਾਲੀ ਹੈ । ਇਹ ਸਾਡਾ ਪਰਖਿਆ ਹੋਇਆ ਸਾਥੀ ਹੈ । ਪ੍ਰਿਥੀ ਦੀ ਸ਼ਹਾਦਤ ਦੇ ਬਾਅਦ ਪੀ.ਐਸ.ਯੂ. ਵਿਚ ਉਹਦੀ ਥਾਂ ਵੀ ਇਹਨੇ ਹੀ ਲਈ ਸੀ । ਸ਼ਕਤੀਸ਼ਾਲੀ ਰੈਲੀਆਂ ਜੋ ਉਹਨਾਂ ਦਿਨਾਂ ਵਿਚ ਹੋਈਆਂ, ਉਸ ਵੇਲੇ ਇਹੋ ਸਾਥੀ ਪੀ.ਐਸ.ਯੂ. ਦਾ ਜਨਰਲ ਸਕੱਤਰ ਸੀ । ਹੁਣ ਵਖਰੇਵਾਂ ਕਿਸ ਨੁਕਤੇ ਤੇ ਹੈ ? ਖਾਲਿਸਤਾਨੀਆਂ ਵੱਲ ਵੱਖ ਵੱਖ ਰਵੀਯਾ ਅਪਣਾਉਣ ਤੇ ਹੈ । ਇਸ ਦੀ ਮਿਸਾਲ ਇਸ ਤਰ੍ਹਾਂ ਲਈਏ ਕਿ ਅਸੀਂ ਦੋ ਭਰਾ ਕੋਠੇ ਤੇ ਖੜੇ ਕੋਠੇ ਨੂੰ ਪੱਕਾ ਕਰਨ ਦੀ ਵਿਉਂਤ ਬਣਾ ਰਹੇ ਹਾਂ, ਥੱਲਿਓਂ ਇਕ ਵਿਅਕਤੀ ਲੰਘਦਾ ਹੈ । ਇਕ ਭਰਾ ਕਹਿੰਦਾ ਹੈ ਕਿ ਉਹ ਇਕਬਾਲ ਸਿੰਘ ਹੈ, ਦੂਜਾ ਭਰਾ ਕਹਿੰਦਾ ਹੈ ਨਹੀਂ ਉਹ ਨਿਹਾਲ ਸਿੰਘ ਹੈ । ਦੋਨੋਂ ਇਸ ਨੁਕਤੇ ਤੇ ਝਗੜ ਪੈਂਦੇ ਹਨ ਤੇ ਜਿਹੜਾ ਉਹਨਾਂ ਕੰਮ ਛੋਹਿਆ ਹੋਇਆ ਹੈ, ਉਹ ਵਿੱਚੇ ਹੀ ਛੱਡ ਦੇਂਦੇ ਹਨ । ਹਾਲਾਂਕਿ ਉਹ ਵਿਅਕਤੀ ਇਕਬਾਲ ਸਿੰਘ ਹੋਵੇ, ਨਿਹਾਲ ਸਿੰਘ ਹੋਵੇ ਉਹਨਾਂ ਦੇ ਕੰਮ ਵਿਚ ਕੋਈ ਸਹਾਇਤਾ ਕਰਨ ਵਾਲਾ ਨਹੀਂ । ਇਹੀ ਹਾਲ ਇਕ ਖਾਲਿਸਤਾਨ ਦੇ ਹਾਮੀ ਵਿਅਕਤੀ ਦਾ ਹੈ । ਉਹਦੀ ਸੋਚ ਪੂਰੀ ਤਰ੍ਹਾਂ ਫਿਰਕੂ ਹੈ ।

ਉਸਨੂੰ 'ਖਾਲਿਸਤਾਨੀ ਦਹਿਸ਼ਤਗਰਦ' ਆਖਿਆ ਜਾਏ ਜਾਂ 'ਸਿਖ ਖਾੜਕੂ' ਆਖਿਆ ਜਾਏ ਸਾਡਾ ਕਦੀ ਵੀ ਸਹਿਯੋਗੀ ਨਹੀਂ ਹੋ ਸਕਦਾ। ਸਾਡਾ ਇਨਕਲਾਬ ਦਾ ਜੋ ਨਿਸ਼ਾਨਾ ਹੈ, ਉਹਦੇ ਨਾਲ ਉਹਦਾ ਦੂਰ ਦਾ ਵੀ ਸਬੰਧ ਨਹੀਂ। ਉਹਦੀ ਖਾਤਿਰ ਅਸੀਂ ਆਪਸ ਵਿਚ ਕਿਉਂ ਦੁਫੇੜ ਪਾ ਕੇ ਬੈਠ ਜਾਈਏ ? 'ਪੰਜਾਬੀ ਕੌਮ ਦੀ ਮੁਕਤੀ' ਦਾ ਦਸਤਾਵੇਜ਼ ਇਕ ਸਿਆਸੀ ਦਸਤਾਵੇਜ਼ ਹੈ। ਉਹਦੇ ਬਾਰੇ ਬਹਿਸ ਹੋ ਸਕਦੀ ਹੈ। ਮੈਨੂੰ ਯਾਦ ਹੈ ਕਿ ਇਹੋ ਜਿਹਾ ਇਕ ਦਸਤਾਵੇਜ਼ 1945 ਵਿਚ 'ਕੌਮਾਂ ਦੇ ਸਵੈਨਿਰਣੇ ਦੇ ਹੱਕ' ਬਾਰੇ ਉਸ ਸਮੇਂ ਕਮਿਊਨਿਸਟ ਕੇਡਰ ਵਿਚ ਬਹਿਸ ਲਈ ਸਰਕੂਲੇਟ ਹੋਇਆ ਸੀ। ਥੱਲੇ ਤੋਂ ਲੈ ਕੇ ਉਤਲੇ ਅਦਾਰਿਆਂ ਵਿਚ ਇਹਦੇ ਬਾਰੇ ਬਹਿਸ ਤੇ ਰਾਏ ਬਣਾਈ ਗਈ ਸੀ। ਇਸੇ ਤਰ੍ਹਾਂ 'ਪੰਜਾਬੀ ਕੌਮ ਦੀ ਮੁਕਤੀ' ਥੀਸਸ ਬਾਰੇ ਵੀ ਬਹਿਸ ਹੋ ਸਕਦੀ ਹੈ। ਪਰ ਕਿਥੇ ਹੋਵੇ ? ਕੋਈ ਸੈਂਟਰ ਹੋਵੇ ਤਾਂ ਹੀ ਹੋ ਸਕਦੀ ਹੈ। ਸਰਾਫ ਗਰੁੱਪ ਵਾਲੇ ਵੀ ਪੰਜਾਬ ਦੇ ਮਸਲੇ ਦੇ ਹੱਲ ਬਾਰੇ ਆਪਣਾ ਪ੍ਰੋਗਰਾਮ ਲੈ ਕੇ ਆਏ ਹਨ। ਉਹ ਆਪਣੀ ਪਹਿਲ ਕਦਮੀ ਤੇ ਛੋਟੀਆਂ ਛੋਟੀਆਂ ਮੀਟਿੰਗਾਂ ਕਰਕੇ ਇਸ ਪ੍ਰੋਗਰਾਮ ਨੂੰ ਲੋਕਾਂ ਵਿਚ ਲਿਜਾਣ ਦਾ ਯਤਨ ਕਰ ਰਹੇ ਹਨ। ਸਾਡੇ ਕੋਲ ਇਕ ਫੋਰਮ ਹੋਵੇ, ਅਸੀਂ ਇਹਨਾਂ ਬਾਰੇ ਸਹੀ ਪੈਮਾਨੇ ਤੇ ਬਹਿਸ ਕਰ ਸਕਦੇ ਹਾਂ। ਪੰਜਾਬੀ ਕੌਮ ਦੀ ਮੁਕਤੀ ਕੋਈ ਐਸਾ ਮਸਲਾ ਨਹੀਂ ਕਿ ਅਸੀਂ ਆਪਣੀਆਂ ਬਣੀਆਂ ਬਣਾਈਆਂ ਜਥੇਬੰਦੀਆਂ ਵਿਚ ਦੁਫੇੜ ਪਾ ਦੇਈਏ ਜਿਸ ਤਰ੍ਹਾਂ ਪੀ.ਐਸ.ਯੂ. ਵਿਚ ਹੋਇਆ। ਮੇਜਰ ਮਟਰਾਂ ਦਾ ਗਰੁੱਪ ਇਕ ਪਾਸੇ ਤੇ ਦੂਜੇ ਗਰੁੱਪ ਦੂਜੇ ਪਾਸੇ। ਇਕ ਧਿਰ ਨੂੰ ਛੇਕ ਦੇਈਏ ਜਾਂ ਉਹ ਆਪ ਹੀ ਏਲਾਨ ਕਰ ਦੇਵੇ ਕਿ ਉਹ ਇਨਕਲਾਬੀਆ ਦੀ ਮੁੱਖ ਧਾਰਾ ਤੋਂ ਬਾਹਰ ਹੈ।

o ਫਿਰਕੂ ਦਹਿਸ਼ਤਗਰਦੀ ਵਲੋਂ ਸੁਮੀਤ, ਸੁਖਰਾਜ, ਅਰਜਨ ਸਿੰਘ ਮਸਤਾਨਾ, ਰਤਨ ਸਿੰਘ ਪਟਵਾਰੀ ਅਤੇ ਹੁਣ ਫਤਿਹਾਬਾਦ ਵਿਚ ਅਜੀਤ ਰਾਮ ਦਾ ਕਤਲ ਹੋਇਆ ਹੈ। ਇਹਨਾਂ ਵਿਚੋਂ ਤਿੰਨ ਸਾਥੀ ਭਾਵੇਂ ਸੀ.ਪੀ. ਆਈ. ਦੇ ਨਾਲ ਸਬੰਧ ਰਖਦੇ ਸਨ ਪਰ ਇਹ ਫਿਰਕੂ ਮਸਲਿਆਂ ਤੇ ਸਾਡੀ ਸੋਚ ਦੇ ਧਾਰਨੀ ਸਨ। ਇਹ ਸਾਰੇ ਕਤਲ ਸਾਨੂੰ ਇਨਕਲਾਬੀਆਂ ਨੂੰ ਚੈਲੰਜ ਹਨ। ਇਸ ਚੈਲਿੰਜ ਦਾ ਮੁਕਾਬਲਾ ਅਸੀਂ ਮਿਲ ਕੇ ਇਕ ਕੇਂਦਰ ਤੋਂ ਇਕ ਪਾਲਿਸੀ ਅਧੀਨ ਹੀ ਕੰਮ ਕਰਕੇ ਕਰ ਸਕਦੇ ਹਾਂ। ਇਹ ਪਾਲਿਸੀ ਭਾਵੇਂ ਜਨਤਾ ਨੂੰ ਹਥਿਆਰਬੰਦ ਕਰਨ ਦੀ ਹੋਵੇ, ਭਾਵੇਂ ਰੈਡ ਬ੍ਰੀਗੇਡ ਬਨਾਉਣ ਦੀ ਹੋਵੇ। ਬਦਨਾਮ ਡਾਇਰੈਕਟਰ ਪ੍ਰਿਥੀਪਾਲ ਸਿੰਘ, ਢੁਡੀਕੇ ਵਿਚ ਸਾਥੀ ਅਵਤਾਰ ਦੇ ਕਾਤਲ ਬਦਨਾਮ ਕਾਲੇ ਅਤੇ ਹੁਣ ਰਤਨ ਸਿੰਘ ਪਟਵਾਰੀ ਦੇ ਕਾਤਲਾਂ ਕੋਲੋਂ ਬਦਲਾ ਲੈਣ ਲਈ ਸਾਡਾ ਕੇਡਰ ਪੂਰੀ ਯੋਗਤਾ ਰੱਖਦਾ ਹੈ। ਅਸੀਂ ਇਕ ਕੇਂਦਰ ਵਿਚ ਹੋਈਏ, ਕਿਸੇ ਦੀ ਮਜਾਲ ਨਹੀਂ ਕਿ ਸਾਡੀ ਵੱਲ ਕਹਿਰੀ ਅੱਖ ਨਾਲ ਦੇਖੇ। ਹੁਣ ਤਾਂ ਕਈ ਵਾਰੀ ਮਮੂਲੀ ਥਾਣੇਦਾਰ ਹੀ ਸਾਨੂੰ ਧੂਹੀ ਫਿਰਦੇ ਹਨ। ਅਸੀਂ ਕਿਸੇ ਮਾਰਕੁੱਟਬਾਜ਼ੀ ਦੇ ਧਾਰਨੀ ਨਹੀਂ ਪਰ ਖੱਬੇ ਖਾੜਕੂਪਣ (Left Militancy) ਨੂੰ ਅਸੀਂ ਪੂਰੀ ਤਰ੍ਹਾਂ ਕਾਇਮ ਰੱਖਣਾ ਹੈ। ਇਹਦੇ ਲਈ ਜੋ ਡਸਿਪਲਨ ਚਾਹੀਦਾ ਹੈ, ਉਹ ਇਕ ਕੇਂਦਰ ਹੀ ਲਾਗੂ ਕਰ ਸਕਦਾ ਹੈ।

o ਪੰਜਾਬ ਦੇ ਮਸਲੇ ਤੇ ਕੇਂਦਰ ਦੀਆਂ ਕਲਾਬਾਜ਼ੀਆਂ ਜੇਕਰ ਨਿੰਦਣਯੋਗ ਹਨ ਤਾਂ ਇਹ ਅਮਲ ਉਸ ਤੋਂ ਵੱਧ ਨਿੰਦਣਯੋਗ ਹੈ, ਜਿਹੜਾ ਲੋਕਾਂ ਨੂੰ ਆਪਣੇ ਘਰ ਛੱਡਣ ਤੇ ਮਜਬੂਰ ਕਰਦਾ ਹੈ। ਇਹ ਬਹੁਤ ਹੀ ਖਤਰਨਾਕ ਰੁਝਾਨ ਹੈ। ਫਤਿਹਾਬਾਦ ਵਿਚ ਸੀ.ਪੀ.ਆਈ. ਦਾ ਕਾਰਕੁਨ ਅਜੀਤ ਰਾਮ ਇਸ ਮੰਤਵ ਲਈ ਸ਼ਹਾਦਤ ਪਾ ਗਿਆ। ਸਾਡੇ ਬਹਾਦਰ ਸਾਥੀ ਰਤਨ ਸਿੰਘ ਪਟਵਾਰੀ ਵਾਕੁਲ ਉਹ ਵੀ ਸਾਡੀ ਲਾਲ ਸ਼ਰਧਾਂਜਲੀ ਦਾ ਹੱਕਦਾਰ ਹੈ। ਸਾਨੂੰ ਇਸ ਖੱਬੀ ਯੱਕਜਹਿਤੀ ਨੂੰ ਕਾਇਮ ਰੱਖਣਾ ਚਾਹੀਦਾ ਹੈ। ਸੀ.ਪੀ.ਆਈ ਜਾਂ ਸੀ.ਪੀ.ਐਮ ਵਾਲੇ ਜੇਕਰ ਇਸਨੂੰ ਭੁਲ ਵੀ ਜਾਣ, ਸਾਨੂੰ ਕਾਇਮ ਰਖਣਾ ਚਾਹੀਦਾ ਹੈ। ਸਾਨੂੰ ਖੱਬੇ ਕੇਡਰ ਵਿਚ ਇਸ ਸਾਖ ਬਨਾਉਣੀ ਚਾਹੀਦੀ ਹੈ ਕਿ ਸਾਡੀ ਵਫਾਦਾਰੀ ਧੜੇ ਨਾਲੋਂ ਕਾਜ਼ ਵਲ ਪਹਿਲਾਂ ਹੈ।

o ਅਸਲੀ ਗੱਲ ਵੱਲ ਆਉਣ ਤੋਂ ਪਹਿਲਾਂ ਮੈਂ ਇਕ ਆਖਰੀ ਗੱਲ ਇਨਕਲਾਬੀ ਪਤ੍ਰਕਾਰੀ ਦੀ ਕਰਨਾ ਜ਼ਰੂਰੀ ਸਮਝਦਾ ਹਾਂ। ਸਾਡੀ ਪਤ੍ਰਕਾਰੀ ਵਿਚ ਸ਼ਬਦਾਂ ਦੀ ਵਰਤੋਂ ਵੀ ਅਤੇ ਕਿਸੇ ਘਟਨਾ ਦੀ ਰੀਪੋਰਟਿੰਗ ਬੜੀ ਸੰਕੋਚਵੀਂ ਹੋਣੀ ਚਾਹੀਦੀ ਹੈ। ਪਿਛਲੇ ਮਹੀਨੇ ਦੇ ਅਪਣੇ ਨੋਟ ਵਿਚ ਜਦੋਂ ਮੈਂ 'ਸੁਰਖ ਰੇਖਾ' ਦੀ ਫਿਰਕੂ ਦਹਿਸ਼ਤਗਰਦੀ ਵਿਰੁਧ ਸੰਘਰਸ਼ ਦੀ ਦੇਣ ਬਾਰੇ ਜ਼ਿਕਰ ਕੀਤਾ ਹੈ ਤਾਂ ਮੈਨੂੰ ਕਈ ਚਿੱਠੀਆਂ ਆਈਆਂ ਹਨ, ਜਿਸ ਵਿਚ ਮੇਰੀ ਨੁਕਤਾਚੀਨੀ ਕੀਤੀ ਗਈ ਹੈ ਕਿ ਮੈਂ ਉਸ ਪਰਚੇ ਦੀ ਸਨਸਨੀਖੇਜ ਰੀਪੋਰਟਿੰਗ ਨੂੰ ਨਜ਼ਰਅੰਦਾਜ਼ ਕੀਤਾ ਹੈ। ਉਹਨਾਂ ਦਾ ਕਹਿਣਾ ਹੈ ਕਿ ਖੜਕ ਸਿੰਘ ਕੋਲ ਕਿਹੜੀ ਗੈਬੀ ਸ਼ਕਤੀ ਹੈ ਕਿ ਇਕੋ ਵੇਲੇ ਉਹ ਭਿੰਡਰਾਂਵਾਲਾ ਦੇ ਡੇਰੇ ਵੀ ਪੁੱਜ ਜਾਂਦਾ ਹੈ, ਰਾਸ਼ਟਰਪਤੀ ਭਵਨ ਦੀਆਂ ਫਾਈਲਾਂ ਤਕ ਵੀ ਪੁੱਜ ਜਾਂਦਾ ਹੈ। ਇਕ ਮਿਸਾਲ ਇਕ ਚਿੱਠੀ ਵਿਚ ਇਸ ਪਰਚੇ ਦੀ ਰੀਪੋਰਟਿੰਗ ਬਾਰੇ ਲਿਖੀ ਗਈ ਹੈ। ਸੁਰਖ ਰੇਖਾ ਦੇ ਜੁਲਾਈ ਅੰਕ ਵਿਚ

ਪਿੰਡ ਦੁਰਗਾਪੁਰ ਤਹਿਸੀਲ ਨਵਾਂ ਸ਼ਹਿਰ ਜ਼ਿਲਾ ਜਲੰਧਰ ਦੇ ਹਰਬੰਸ ਸਿੰਘ ਸਪੁਤਰ ਦਿਆ ਸਿੰਘ, ਜੋ ਕਿ ਸਥਾਨਕ ਪੱਧਰ ਦਾ ਟਾਊਟ ਸੀ ਅਤੇ ਜਿਸਦਾ ਕਤਲ ਪੇਂਡੂ ਧੜੇ-ਬੰਦੀ ਵਿਚ ਪਿੰਡ ਦੇ ਕਾਂਗਰਸੀ ਸਰਪੰਚ ਹਰਦੇਵ ਸਿੰਘ ਨੇ ਕੀਤਾ। ਉਸਦਾ ਜ਼ਿਕਰ ਇਸ ਢੰਗ ਨਾਲ ਕੀਤਾ ਗਿਆ ਹੈ ਕਿ ਜਿਵੇਂ ਇਹ ਕਤਲ ਸੁਰਖ ਰੇਖਾ ਦੀ ਰੈਡ ਗਾਰਡ ਦੇ ਕਮਾਂਡਰ ਦੀ ਅਗਵਾਈ ਹੇਠ ਹੋਇਆ ਹੋਵੇ। ਇਸ ਚਿੱਠੀ ਵਿਚ ਸਚਾਈ ਹੈ ਜਾਂ ਸੁਰਖ ਰੇਖਾ ਦੀ ਰੀਪੋਰਟਿੰਗ ਵਿਚ ਸਚਾਈ ਹੈ, ਮੈਂ ਇਸ ਵਾਦ-ਵਿਵਾਦ ਵਿਚ ਪਏ ਬਗੈਰ ਇਹ ਜ਼ਰੂਰ ਆਖਣਾ ਚਾਹਵਾਂਗਾ ਕਿ ਖੱਬੀ ਪਤ੍ਰਕਾਰੀ ਨੂੰ ਬੁਰਜੂਆ ਪੀਲੇ ਪ੍ਰੈਸ ਦੇ ਮੁਕਾਬਲੇ ਵਿਚ ਬਹੁਤ ਹੀ ਵਧ ਜ਼ਿੰਮੇਵਾਰ ਹੋਣਾ ਚਾਹੀਦਾ ਹੈ। ਪਰ ਇਹਦਾ ਇਹ ਮਤਲਬ ਨਹੀਂ ਕਿ ਇਹ ਪਤ੍ਰਕਾਰੀ ਖੁਸ਼ਕ ਹੋਵੇ। ਇਹ ਪਤ੍ਰਕਾਰੀ ਲੋਕਾਂ ਵਿਚ ਦਿਲਚਸਪੀ ਨਾਲ ਪੜ੍ਹੀ ਜਾਏ। ਇਹ ਸਾਡੀ ਯੋਗਤਾ ਦਾ ਇਮ-ਤਿਹਾਨ ਹੈ। ਇਸੇ ਤਰਾਂ ਸ਼ਬਦਾਵਲੀ ਵੀ ਠੀਕ ਹੋਣੀ ਚਾਹੀਦੀ ਹੈ। ਇਥੇ ਮੈਂ ਫੇਰ ਇਕ ਮਿਸਾਲ ਇਸ ਮਹੀਨੇ ਦੇ ਜੈਕਾਰਾ ਵਿਚੋਂ ਦੇਣਾ ਚਾਹਵਾਂਗਾ। ਸਾਡੇ ਸੀ.ਪੀ.ਐਮ. ਤੇ ਸੀ.ਪੀ.ਆਈ. ਨਾਲ ਸਿਧਾਂਤਕ ਮੱਤਭੇਦ ਹਨ। ਉਹਨਾਂ ਦੀ ਬਹੁਤ ਸਾਰੀਆਂ ਕਾਰਵਾਈਆਂ ਨਾਲ ਸਾਡੀ ਸਹਿਮਤੀ ਨਹੀਂ ਜਾਂ ਇਹ ਕਹਿ ਲਵੋ ਬੁਨਿਆਦੀ ਅਸਹਿਮਤੀ ਹੈ। ਇਸ ਵਿਚ ਸਿਆਸੀ ਇਮਾਨਦਾਰੀ ਹੈ ਕਿ ਅਸੀਂ ਇਸ ਅਸਹਿਮਤੀ ਨੂੰ ਖੁਲ੍ਹੇਆਮ ਪਰਗਟ ਕਰਦੇ ਹਾਂ। ਪਰ ਸਾਨੂੰ ਇਹ ਕਦੇ ਨਹੀਂ ਭੁਲਣਾ ਚਾਹੀਦਾ ਕਿ ਇਹਨਾਂ ਸਥਾਪਤ ਪਾਰਟੀਆਂ ਦੇ ਥੱਲੇ ਬਹੁਤ ਹੀ ਸੁਹਿਰਦ ਕੈਡਰ ਕੰਮ ਕਰ ਰਿਹਾ ਹੈ। ਉਨ੍ਹਾਂ ਦੇ ਕੰਮ ਬਾਰੇ ਕੋਈ ਟਿਪਣੀ ਕਰਦਿਆਂ ਸ਼ਬਦਾਵਲੀ ਦਾ ਬੜਾ ਖਿਆਲ ਰਖਿਆ ਜਾਏ। ਫਿਰਕਾਪ੍ਰਸਤੀ ਦੇ ਵਿਰੁਧ ਅੰਦੋਲਨ ਕਰਦਿਆਂ 13 ਜੂਨ ਨੂੰ ਜਲੰਧਰ ਦੋ ਰੈਲੀਆਂ ਹੋਈਆਂ। ਇਕ ਨੇ ਟਰੇਡ ਯੂਨੀਅਨਾਂ ਵਲੋਂ ਸਾਂਝੀ ਤੇ ਇਕ ਮੁਲਾਜ਼ਮ ਤਾਲਮੇਲ ਕਮੇਟੀ ਵਲੋਂ। ਇਹ ਸਹੀ ਗੱਲ ਹੈ ਕਿ ਮੁਲਾਜ਼ਮ ਤਾਲਮੇਲ ਕਮੇਟੀ ਦੀ ਰੈਲੀ ਭਾਵੇਂ ਗਿਣਤੀ ਦੇ ਪੱਖ ਤੋਂ ਛੋਟੀ ਸੀ ਪਰ ਉਹ ਸਿਧਾਂਤਕ ਤੌਰ ਤੇ ਵੱਧ ਮਜ਼ਬੂਤ ਨੀਂਹ ਤੇ ਸੀ। ਵੱਡੀ ਰੈਲੀ ਵਿਚ ਉਹ ਟਰੇਡ ਯੂਨੀਅਨ ਦੇ ਨੁਮਾਇੰਦੇ ਵੀ ਸ਼ਾਮਲ ਸਨ ਜੋ ਕਾਂਗਰਸ ਦੀ ਵਿੰਗ ਹੈ। ਪਰ ਫੇਰ ਵੀ ਇਸ ਵੱਡੀ ਰੈਲੀ ਦੀ ਭੂਮਿਕਾ ਨੂੰ ਆਮ ਲੋਕਾਂ ਦੀ ਲਾਮਬੰਦੀ ਦੇ ਸੰਦਰਭ ਵਿਚ ਨਜ਼ਰ ਅੰਦਾਜ਼ ਨਹੀਂ ਕੀਤਾ ਜਾ ਸਕਦਾ। ਪਰ ਜਦੋਂ ਉਸ ਰੈਲੀ ਵਿਚ ਸ਼ਾਮਲ ਸੀ.ਪੀ. ਆਈ ਤੇ ਸੀ. ਪੀ. ਐਮ ਪੰਡਤ ਕਿਸ਼ੋਰੀ ਲਾਲ, ਮਦਨ ਦੀਦੀ ਵਰਗੇ ਆਗੂਆਂ ਨੂੰ 'ਸਰਮਾਏ-ਦਾਰਾਂ ਦੇ 'ਦੁੱਮਛੱਲੇ' ਤੇ ਉਹ ਵੀ ਮੋਟੇ ਅੱਖਰਾਂ ਵਿਚ ਸੰਬੋਧਨ ਕੀਤਾ ਜਾਏ ਤਾਂ ਉਹ ਸਹੀ ਨਹੀਂ। ਜੈਕਾਰਾ ਦੇ ਸਾਥੀਆਂ ਨੂੰ ਇਸ ਕਿਸਮ ਦੀ ਪਤ੍ਰਕਾਰੀ ਤੋਂ ਸੰਕੋਚ ਕਰਨਾ ਚਾਹੀਦਾ ਹੈ। ਯਤਨ ਇਹ ਹੋਣਾ ਚਾਹੀਦਾ ਹੈ ਕਿ ਵਡੀ ਰੈਲੀ ਵਿਚ ਜਿਹੜਾ ਇਮਾਨਦਾਰ ਕੈਡਰ ਹੈ, ਉਸਨੂੰ ਅਹਿਸਾਸ ਕਰਵਾਇਆ ਜਾਏ ਕਿ ਕਿਸੇ ਜੰਤਕ ਲਾਮਬੰਦੀ ਦਾ ਸਹੀ ਨਤੀਜਾ ਤਾਂ ਹੀ ਨਿਕਲ ਸਕਦਾ ਹੈ, ਕਿ ਉਹਦੀ ਸਿਧਾਂਤਕ ਨੀਂਹ ਠੋਸ ਹੋਵੇ।

੦ ਏਨੀ ਲੰਮੀ ਗੱਲਬਾਤ ਤੋਂ ਹੁਣ ਮੈਂ ਅਸਲੀ ਗੱਲ ਵਲ ਆਉਂਦਾ ਹਾਂ। ਸਾਨੂੰ ਸਾਰਿਆਂ ਨੂੰ ਇਹ ਅਹਿਸਾਸ ਕਰਨਾ ਚਾਹੀਦਾ ਹੈ ਕਿ ਕਮਿਊਨਿਸਟ ਇਨਕਲਾਬੀ ਬਿਨਾਂ ਇਕ ਕੇਂਦਰ ਉਸਾਰੇ ਅਗੇ ਨਹੀਂ ਵੱਧ ਸਕਦੇ। ਸੁਰਖਰੇਖਾ ਗਰੁੱਪ, ਜੈਕਾਰਾ ਗਰੁੱਪ, ਜੰਤਕ ਲੀਹ ਗਰੁੱਪ, ਪੂਲਾਰੈਡੀ ਗਰੁਪ, ਐਸ. ਐਨ. ਗਰੁੱਪ (ਇਹਨਾਂ ਗਰੁੱਪਾਂ ਨੂੰ ਪਾਰਟੀਆਂ ਦਾ ਵੀ ਨਾਂ ਦਿਤਾ ਜਾ ਸਕਦਾ ਹੈ, ਇਹ ਬਹੁਤਾ ਸਹੀ ਹੋਵੇਗਾ) ਦਾ ਟੋਟਲ ਹੋਲ ਟਾਈਮਰ ਕੈਡਰ ਕੋਈ ਸੌ ਤੋਂ ਵੱਧ ਬਣਦਾ ਹੈ। ਉਂਝ ਸਮੁੱਚਾ ਕੈਡਰ ਹਜ਼ਾਰਾਂ ਦੀ ਗਿਣਤੀ ਵਿਚ ਜਾਂਦਾ ਹੈ। ਕੈਡਰ ਤੋਂ ਮੇਰਾ ਮਤਲਬ ਸਰਗਰਮ ਵਰਕਰ ਹਨ। ਜੇ ਇਹ ਕੈਡਰ ਇਕ ਸੈਂਟਰ ਵਿਚ ਕੰਮ ਕਰੇ ਤਾਂ ਪ੍ਰਾਪਤੀ ਦਾ ਅਨੁਮਾਨ ਲਗਾਉਣਾ ਮੁਸ਼ਕਿਲ ਨਹੀਂ। ਇਹ ਕੇਂਦਰ **ਨਕਸਲਬਾੜੀ ਕੇਂਦਰ ਪੰਜਾਬ ਜਾਂ ਇਨਕਲਾਬੀ ਕੇਂਦਰ ਪੰਜਾਬ** ਦੇ ਨਾਂ ਥੱਲੇ ਬਣਾਇਆ ਜਾ ਸਕਦਾ ਹੈ। ਇਸ ਕੇਂਦਰ ਦੇ ਵੱਖ ਵੱਖ ਲੋਕਾਂ ਵਿਚ ਤੇ ਵੱਖ ਵੱਖ ਮੰਤਵਾਂ ਲਈ ਜੰਤਕ ਵਿੰਗ ਹੋ ਸਕਦੇ ਹਨ। ਪੀ. ਐਸ. ਯੂ. ਨੌਜਵਾਨ ਭਾਰਤ ਸਭਾ, ਕਿਸਾਨ ਯੂਨੀਅਨ, ਖੇਤ ਮਜ਼ਦੂਰ ਯੂਨੀਅਨ, ਇਸਤਰੀ ਯੂਨੀਅਨ, ਮੁਲਾਜ਼ਮ ਜਥੇਬੰਦੀ, ਜਮਹੂਰੀ ਅਧਿਕਾਰ ਸਭਾ ਰੈਸ਼ਨਲਿਸਟ ਸੋਸਾਈਟੀ, ਮਾਰਕਸੀ ਵਿਚਾਰ ਮੰਚ, ਡੈਮੋ-ਕ੍ਰੇਟਿਕ ਫਰੰਟ, ਪਲਸ ਮੰਚ ਆਦਿ। ਇਸ ਕੇਂਦਰ 'ਚ ਆਉਣ ਲਈ ਇਕੋ ਸ਼ਰਤ ਹੋਵੇ ਕਿ ਉਹ ਵਿਅਕਤੀ ਜਾਂ ਸੰਸਥਾ ਭਾਰਤ ਵਿਚ ਇਹ ਬੁਰਜੂਆ ਸਟੇਟ ਖਤਮ ਕਰਕੇ ਇਕ ਸਮਾਜਵਾਦੀ ਸਟੇਟ ਬਨਾਉਣ ਦਾ ਨਿਸ਼ਾਨਾ ਰਖਦਾ ਹੈ। ਇਸ ਸਟੇਟ ਦੇ ਚ੍ਰਿਤਰ ਦੀਆਂ ਅਗਲੀਆਂ ਬਾਰੀਕੀਆਂ ਆਪਸੀ ਬਹਿਸ ਵਿਚ ਤਹਿ ਹੁੰਦੀਆਂ ਰਹਿਣ ਗੀਆਂ।

੦ ਬੁਰਜੂਆ ਪਾਰਟੀਆਂ ਬੇਅਸੂਲੀਆਂ ਕਰਕੇ ਵੱਖ ਵੱਖ ਪਾਰਟੀਆਂ ਬਣਾਂਦੇ ਹਨ। ਉਹਨਾਂ ਨੂੰ ਤਾਂ ਕੁਰਸੀ ਦੀ ਭੁੱਖ ਹੈ। ਸਾਨੂੰ ਤਾਂ ਕੋਈ ਭੁੱਖ ਨਹੀਂ। ਅਸੀਂ ਅਸੂਲ ਦੀ ਸਿਆਸਤ ਤੇ ਯਕੀਨ ਰਖਦੇ ਹਾਂ। ਸਾਡੀ ਸਿਆਸਤ ਸਿੱਧੀ ਹੈ। ਅਸੀਂ ਲੋਕਾਂ ਨੂੰ ਸਮਾਜਕ ਨਿਆਂ ਲਈ ਚੇਤਨ ਕਰਨਾ ਹੈ ਇਕ ਨਵਾਂ ਸਮਾਜ ਬਨਾਉਣ ਲਈ ਤਿਆਰ ਕਰਨਾ ਹੈ। ਸਾਡੇ ਸਾਰੇ ਫਰੰਟ ਸਿਰਫ ਇਸ ਨਿਸ਼ਾਨੇ ਲਈ ਕੰਮ ਕਰਨਗੇ। ਅਸੀਂ ਖ਼ਿੰਡਣ ਵਾਲੀ ਸਿਆਸਤ ਤੋਂ

ਵਾਪਸ ਏਕਤਾ ਵਾਲੀ ਸਿਆਸਤ ਤੋਂ ਵਾਪਸ ਏਕਤਾ ਵਾਲੀ ਸਿਆਸਤ ਵਲ ਆਉਣਾ ਹੈ।

o ਆਓ ਅਸੀਂ **ਐਤਵਾਰ 9 ਨਵੰਬਰ, ਸਵੇਰੇ 10 ਵਜੇ ਸਾਰੇ ਦੇਸ਼ ਭਗਤ ਹਾਲ ਜਲੰਧਰ ਵਿਚ ਇਕੱਠੇ ਹੋਈਏ**। ਇਕ ਇਨਨਲਾਬੀ ਕੇਂਦਰ ਜਥੇਬੰਦ ਕਰੀਏ। ਉਹਦੀ ਉਥੇ ਹੀ 21, 31, ਜਾਂ 51 ਮੈਂਬਰੀ ਕੇਂਦਰੀ ਕਮੇਟੀ ਚੁਣੀਏ ਜਿਸਦੀ ਜ਼ਿੰਮੇਵਾਰੀ ਹੋਏ ਕਿ ਹਰ ਫਰੰਟ ਤੇ ਕੰਮ ਕਰਨ ਲਈ ਪ੍ਰੋਗਰਾਮ ਬਣਾਏ। ਇਕ ਦੂਜੇ ਦੇ ਦ੍ਰਿਸ਼ਟੀਕੋਨ ਨੂੰ ਸਮਝਕੇ ਕੁਝ ਵਿਸ਼ਾਲਤਾ ਵਿਖਾਈਏ। ਕੁਝ ਜ਼ਾਤੀ ਗੱਲਾਂ ਭੁਲੀਏ ਭੁਲਾਈਏ। ਇਹ ਕੇਂਦਰ ਕੁਝ ਨਤੀਜੇ ਕਢਣ ਲਈ ਬਣਾਇਆ ਜਾਏ। ਪੰਜਾਬ ਦੇ ਮੱਸਲਿਆਂ ਵਿਚ ਅਸਰਦਾਇਕ ਤਰੀਕੇ ਨਾਲ ਦਖਲ ਅੰਦਾਜ਼ ਹੋਣ ਲਈ ਬਣਾਇਆ ਜਾਏ।

o ਕੇਂਦਰੀ ਕਮੇਟੀ ਵਿਚ ਹਰ ਗਰੁੱਪ ਦੇ ਸੀਨੀਅਰ ਮੈਂਬਰ ਸ਼ਾਮਿਲ ਹੋਣ। ਅਵਾਮੀ ਜਥੇਬੰਦੀਆਂ ਦੇ ਨੁਮਾਇੰਦੇ ਵੀ ਸ਼ਾਮਲ ਕੀਤੇ ਜਾਣ। ਇਸ ਕੇਂਦਰ ਵਿਚ ਆਉਣ ਦੀ ਇਹ ਕੋਈ ਸ਼ਰਤ ਨਹੀਂ ਕਿ ਜਿਹੜੇ ਗਰੁਪ ਇਸ ਵਿਚ ਸ਼ਾਮਲ ਹੋਣ ਉਹ ਅਪਣੀ ਵੱਖਰੀ ਗਰੁੱਪ ਸਿਆਸਤ ਨੂੰ ਇਕ ਦਮ ਛੱਡ ਦੇਣ ਜਾਂ ਅਪਣੀ ਸੋਚ ਛੱਡ ਦੇਣ। ਘੱਟ ਤੋਂ ਘੱਟ ਪ੍ਰੋਗਰਾਮ ਲਈ ਸਹਿਮਤੀ ਤੇ ਸਾਂਝ ਇਹਦਾ ਪਹਿਲਾ ਨਿਸ਼ਾਨਾ ਹੋਵੇਗਾ। ਬਾਹਰ ਦੇ ਸੂਬਿਆਂ ਦੇ ਕੈਡਰ ਵੀ ਇਹਨਾਂ ਲੀਹਾਂ ਤੇ ਸੋਚ ਰਹੇ ਹਨ। ਆਖਰੀ ਨਿਸ਼ਾਨਾ ਤਾਂ ਦੇਸ਼ ਪੱਧਰ ਦਾ ਇਕ ਇਨਕਲਾਬੀ ਕੇਂਦਰ ਉਸਾਰਨ ਦਾ ਹੈ। ਉਹੀ ਕੇਂਦਰ ਫੇਰ ਇਕ ਇਨਕਲਾਬੀ ਪਾਰਟੀ ਦੀ ਰੂਪ ਰੇਖਾ ਧਾਰਨ ਕਰੇਗਾ।

o **9 ਨਵੰਬਰ ਦੇਸ਼ ਭਗਤ ਹਾਲ ਜਲੰਧਰ** ਵਿਚ ਇਨਕਲਾਬੀ ਕੈਡਰ ਦਾ ਇਕੱਠ ਕਰਨ ਦਾ ਜ਼ਿਮਾ ਮੈਂ ਲੈਂਦਾ ਹਾਂ, ਪਰ ਮੈਂ ਚਾਹੁੰਦਾ ਹਾਂ ਕਿ ਮੇਰੀ ਜ਼ਿੰਮੇਵਾਰੀ ਇਥੋਂ ਤਕ ਰਹੇ। ਸਮਾਗਮ ਦੀ ਕਾਰਵਾਈ ਇਕ ਪ੍ਰੀਜ਼ੀਡਅਮ ਬਣਾਕੇ ਚਲਾਈ ਜਾਏ। ਏਜੰਡਾ ਸਿਰਫ ਇਨਕਲਾਬੀ ਕੇਂਦਰ ਦੀ ਉਸਾਰੀ ਹੋਵੇ। ਵੱਖ ਵੱਖ ਰਾਵਾਂ ਸੁਣਨ ਤੋਂ ਬਾਅਦ ਕੇਂਦਰੀ ਕਮੇਟੀ ਬਣਾਈ ਜਾਏ, ਜਿਸ ਵਿਚ ਸਾਰੇ ਗਰੁੱਪਾਂ ਦੇ ਸਿਆਣੇ ਆਗੂ ਸ਼ਾਮਲ ਹੋਣ। ਸਾਡੇ ਵਰਗੇ ਬੰਦੇ ਕਲਚਰਕ, ਸਾਹਿਤਕ, ਜਮਹੂਰੀ ਅਧਿਕਾਰ, ਰੈਸ਼ਲਨਿਸਟ ਜਾਂ ਵਿਯਕਤੀਗਤ ਸਿਅ ਣੇ ਬੰਦੇ ਇਸ ਕਮੇਟੀ ਵਿਚ ਸ਼ਾਮਲ ਕੀਤੇ ਜਾ ਸਕਦੇ ਹਨ ਪਰ ਪਰ ਜ਼ਰੂਰੀ ਤੌਰ ਤੇ ਇਹ ਜ਼ਿੰਮੇਵਾਰੀ ਸਿਆਣੇ ਆਗੂਆਂ ਦੀ ਹੋਵੇਗੀ। ਸਿਰ ਜੋੜਕੇ ਬੈਠਾਂਗੇ ਤਾਂ ਕੋਈ ਰਾਹ ਲਭਾਂਗੇ, ਅਪਣੀ ਗਰੁੱਪ ਦੀ ਸੋਚ ਕੋਈ ਕਾਇਮ ਰਖਣਾ ਚਾਹੁੰਦਾ ਹੈ ਤਾਂ ਰਖ ਲਵੇ ਪਰ ਘੱਟ ਤੋਂ ਘੱਟ ਕੰਮਾਂ ਦੀ ਸਹਿਮਤੀ ਬਣਾਕੇ ਇਸ ਕੇਂਦਰ ਦੀ ਕਾਇਮੀ ਕੀਤੀ ਜਾਏ।

o ਇਸ ਕੇਂਦਰ ਦਾ ਹੈਡਕਵਾਂਟਰ ਜਲੰਧਰ ਜਾਂ ਲੁਧਿਆਣੇ ਰਖਿਆ ਜਾਏ। ਇਸਦੀ ਕਾਰਵਾਈ ਸਾਰੀ ਖੁਲ੍ਹੀ ਹੋਵੇ। ਪ੍ਰੈਸ ਵਿਚ ਇਹਦੇ ਬਿਆਨ ਆਉਣ। ਇਹਦਾ ਬੁਲਾਰਾ ਇਕ ਪਰਚਾ ਹੋਵੇ।

o ਸਮਤਾ ਦਾ ਸਤੰਬਰ, ਅਕਤੂਬਰ ਅੰਕ ਪੂਰੇ ਦਾ ਪੂਰਾ ਇਸ ਏਜੰਡਾ ਤੇ ਤੁਹਾਡੇ ਰਾਏ ਜਾਣਨ ਲਈ ਹਾਜ਼ਰ ਹੈ। ਵੱਖ ਵੱਖ ਗਰੁੱਪ ਆਪਣੇ ਪਰਚਿਆਂ ਵਿਚ ਇਸ ਤਜਵੀਜ਼ ਬਾਰੇ ਲਿਖ ਸਕਦੇ ਹਨ, ਇਹ ਸਭ ਕੁਝ ਨਵੰਬਰ ਦੀ ਸਮਤਾ ਵਿਚ Sum up ਕੀਤਾ ਜਾ ਜਾਵੇਗਾ।

**ਆਓ 9 ਨਵੰਬਰ ਨੂੰ ਇਕ ਨਵੇਂ ਕਾਂਡ ਨੂੰ ਜਨਮ ਦੇਈਏ। ਆਪਣੇ ਇਤਿਹਾਸਕ ਫਰਜ਼ ਨੂੰ ਨਿਭਾਈਏ।**

**ਗੁਰਸ਼ਰਨ ਸਿੰਘ**

o ਐਡੀਟਰ ਸਮਤਾ o ਪ੍ਰਧਾਨ ਪਲਸ ਮੰਚ o ਪ੍ਰਧਾਨ ਆਲ ਇੰਡੀਆ ਜਨ ਸੰਸਕ੍ਰਿਤੀ ਮੰਚ o ਮੈਂਬਰ ਨੈਸ਼ਨਲ ਐਗਜ਼ੈਕਟਿਵ ਲੀਗ ਫਾਰ ਰੈਵੂਲੂਸ਼ਨਰੀ ਕਲਚਰ o ਪ੍ਰਧਾਨ ਕ੍ਰਾਂਤੀਕਾਰੀ ਸਾਹਿਤ ਸਭਾ ਪੰਜਾਬ। o

---

**ਤੇਲਗੂ ਮਿੰਨੀ ਕਹਾਣੀ/ਉਦਾਰਤਾ/ਕੋਡਵਰਿੰਗਰਿ ਕੁਟੁੰਬਰਾਉ**

—'ਚਿੰਨਾਪੱਲੀ ਵਿਚ ਹਰੀਜਨਾਂ ਨੂੰ ਜ਼ਿਮੀਦਾਰਾਂ ਦਿਆਂ ਗੁੰਡਿਆਂ ਨੇ...।'

—'ਵਿਚਾਰੇ!'

—'ਪੇਦਾਮਰਰੂ ਵਿਚ ਅੱਠ ਹਰੀਜਨ ਔਰਤਾਂ ਦਾ ਤਿੰਨ ਜ਼ਿਮੀਦਾਰਾਂ ਨੇ...।'

'ਉਫ...!'

'ਮਧਕੂੰਟਾ ਵਿਚ ਚਾਰ ਸੌ ਹਰੀਜਨ ਝੌਂਪੜੀਆਂ ਨੂੰ ਅੱਗ ਲਗਾਉਣ ਨਾਲ ਪੰਜ ਹਰੀਜਨ ਸੜ ਮਰੇ ਅਤੇ ਪੰਝੀ ਹਰੀਜਨ ਬੱਚੇ...।'

—'ਘੋਰ ਅਨਿਆਂ ਹੋਇਆ...।'

—'ਜ਼ਿਮੀਦਾਰਾਂ ਦੇ ਜਬਰ ਵਿਰੁੱਧ ਗੰਡੀਆਂ ਉਠਾ ਕੇ, ਦੋ ਨੂੰ ਜਾਨੋਂ ਮਾਰ ਕੇ ਅਤੇ ਚਾਰਾਂ ਨੂੰ ਸੁਖਤ ਫੱਟੜ ਕਰਕੇ...।'

—'ਉਨ੍ਹਾਂ ਸਾਰਿਆਂ ਨੂੰ ਫਾਂਸੀ ਤੇ ਚੜ੍ਹਾਵਾਂਗੇ। ਅਸੀਂ ਹੋਰ ਸਭ ਕੁਝ ਸਹਿਣ ਕਰ ਸਕਦੇ ਹਾਂ, ਪਰ ਅਰਾਜਕਤਾ ਨਹੀਂ।

—ਜੇ.ਐਸ. ਜਸ

---

ਕ੍ਰਾਂਤੀਕਾਰੀ ਸਾਹਿਤ ਸਭਾ ਪੰਜਾਬ ਦਾ ਸਾਲਾਨਾ ਸਮਾਗਮ ਪਿੰਡ ਅਕਲੀਆਂ ਵਿਖੇ 6 ਜੁਲਾਈ ਨੂੰ ਹੋਇਆ। ਇਸ ਵਿਚ ਕ੍ਰਾਂਤੀਕਾਰੀ ਸਾਹਿਤ ਨੂੰ ਪ੍ਰਫੁਲਤ ਕਰਨ ਲਈ ਬੜੇ ਅਹਿਮ ਫੈਸਲੇ ਲਏ ਗਏ। ਇਸ ਸਮਾਗਮ ਦੀ ਵਿਸਥਾਰ ਨਾਲ ਰੀਪੋਰਟ ਅਗਲੇ ਪਰਚੇ ਵਿਚ ਦਿਤੀ ਜਾਵੇਗੀ।

ਨਾਟਕ

# ਕਰਫ਼ੀਊ

ਗੁਰਸ਼ਰਨ ਸਿੰਘ

ਪਾਤਰ—ਇਕ ਹਿੰਦੂ, ਇਕ ਸਿੱਖ, ਇਕ ਪੰਜਾਬ ਪੁਲਸ ਦਾ ਸਿਖ ਸਿਪਾਹੀ, ਇਕ ਸੀ. ਆਰ. ਪੀ. ਦਾ ਹਿੰਦੂ ਸਿਪਾਹੀ—ਇਕ ਹੋਰ ਵਿਯਕਤੀ ਜਿਸਦੇ ਵੱਖ ਵੱਖ ਰੂਪ ਹਨ, ਉਹ ਸਰਕਾਰੀ ਢੰਡੋਰਚੀ ਵੀ ਹੈ, ਸਬਜ਼ੀ ਵੇਚਣ ਵਾਲਾ ਵੀ ਹੈ। ਨਾਟਕ ਸ਼ੁਰੂ ਹੋਣ ਤੇ ਪਾਤਰ ਸਟੇਜ ਤੇ ਘੁੰਮਦੇ ਜਾਂਦੇ ਹਨ ਤੇ ਕੋਰਸ ਵਾਕੁਨ ਡਬਲੇ ਦੀ ਠਾਪ ਤੇ ਹੇਠ ਲਿਖੀ ਨਾਟਕ ਦੀ ਭੂਮਿਕਾ ਵੀ ਦੇਂਦੇ ਹਨ। ਇਕ ਪਾਤਰ ਅੱਗੇ ਅੱਗੇ ਬੋਲਦਾ ਹੈ ਤੇ ਦੂਜੇ ਪਾਤਰ 'ਕਰਫ਼ੀਊ' ਦਾ ਸ਼ਬਦ ਦੁਹਰਾਂਦੇ ਜਾਂਦੇ ਹਨ।

ਪਾਤਰ—ਕਰਫ਼ੀਊ, ਕਰਫ਼ੀਊ, ਕਰਫ਼ੀਊ
ਸ਼ਹਿਰ ਸ਼ਹਿਰ ਵਿਚ ਲੱਗਿਆ—ਕਰਫ਼ੀਊ
ਪਿੰਡ ਪਿੰਡ ਵਿਚ ਲੱਗਿਆ—ਕਰਫ਼ੀਊ
ਗਲੀ ਗਲੀ ਵਿਚ ਲੱਗਿਆ—ਕਰਫ਼ੀਊ
ਮੰਦਰ ਵਿਚ ਗਾਂ ਦੀ ਪੂਛਲ—ਕਰਫ਼ੀਊ
ਸਰੋਵਰ 'ਚ ਬੀੜੀ ਦਾ ਟੁਕੜਾ—ਕਰਫ਼ੀਊ
ਸਿੱਖ ਤੇ ਹਿੰਦੂ ਲੜ ਪਏ—ਕਰਫ਼ੀਊ
ਘਰ ਹਨ ਸੜ ਗਏ—ਕਰਫ਼ੀਊ
ਬੱਚੇ ਹਨ ਮਰ ਗਏ—ਕਰਫ਼ੀਊ
ਸੁਹਾਗ ਜੋ ਉੱਜੜ ਗਏ—ਕਰਫ਼ੀਊ
ਪੰਜਾਬ 'ਚ ਜੋ ਵਰਤਿਆ—ਕਰਫ਼ੀਊ
ਉਹਦੀ ਕਥਾ ਸੁਣਾਈ ਏ—ਕਰਫ਼ੀਊ
ਕਰਫ਼ੀਊ, ਕਰਫ਼ੀਊ, ਕਰਫ਼ੀਊ—ਕਰਫ਼ੀਊ
ਸੰਨ ਅੱਠਤਰ ਚੜ੍ਹਿਆ—ਕਰਫ਼ੀਊ
ਸਿੱਖ ਨਿਰੰਕਾਰੀ ਲੜ ਪਏ—ਕਰਫ਼ੀਊ
ਗੋਲੀ ਚਲ ਗਈ—ਕਰਫ਼ੀਊ
ਸੋਲ੍ਹਾਂ ਥਾਂ—ਸਿਰ ਮਰ ਗਏ—ਕਰਫ਼ੀਊ
ਬਦਲੇ ਦਾ ਚੱਕਰ ਚੱਲਿਆ—ਕਰਫ਼ੀਊ
ਨਿਰੰਕਾਰੀ ਮਰ ਗਏ—ਕਰਫ਼ੀਊ
ਗੁਰਬਚਨ ਸਿੰਘ ਮਰ ਗਿਆ—ਕਰਫ਼ੀਊ
ਜਗਤ ਨਰਾਇਨ ਮਰ ਗਿਆ—ਕਰਫ਼ੀਊ
ਡੀ. ਆਈ. ਜੀ. ਮਰ ਗਿਆ—ਕਰਫ਼ੀਊ
ਮੰਜੀ ਸਾਹਿਬ ਦੀਵਾਨ ਸੀ ਲੱਗਦੇ—ਕਰਫ਼ੀਊ
ਮੋਟਰ ਸਾਈਕਲ ਸੂਕੇਡ ਸੀ ਚਲਦੇ—ਕਰਫ਼ੀਊ
ਹਿੱਟ ਲਿਸਟ ਦਾ ਚੱਕਰ ਚਲਿਆ—ਕਰਫ਼ੀਊ
ਸੁਮੀਤ ਸੀ ਮਾਰਿਆ—ਕਰਫ਼ੀਊ
ਤਿਵਾੜੀ ਸੀ ਮਾਰਿਆ—ਕਰਫ਼ੀਊ
ਸੁਖਰਾਜ ਸੀ ਮਾਰਿਆ—ਕਰਫ਼ੀਊ
326 ਹਿੰਦੂ ਮਰ ਗਏ—ਕਰਫ਼ੀਊ
117 ਸਿੱਖ ਮਰ ਗਏ—ਕਰਫ਼ੀਊ
ਨੀਲਾ ਤਾਰਾ ਡਿੱਗਿਆ—ਕਰਫ਼ੀਊ
ਹਰਮੰਦਰ ਗੋਲੀਆਂ ਲਗੀਆਂ—ਕਰਫ਼ੀਊ
ਲੈਬਰੇਰੀ ਸੜ ਗਈ—ਕਰਫ਼ੀਊ
ਸਰਾਂ ਗੁਰੂ ਦੀ ਸੜ ਗਈ—ਕਰਫ਼ੀਊ
ਗੋਲੀਆਂ ਚਲੀਆਂ—ਕਰਫ਼ੀਊ
ਤੋਪਾਂ ਚਲੀਆਂ—ਕਰਫ਼ੀਊ
ਟੈਂਕ ਚੜ੍ਹ ਆਏ—ਕਰਫ਼ੀਊ
ਅਕਾਲ ਤਖ਼ਤ ਢੇਰੀ ਹੋਇਆ—ਕਰਫ਼ੀਊ
ਲੋਕੀਂ ਆਖਣ ਡੇਗਣ ਵਾਲੇ ਦੋਸ਼ੀ—ਕਰਫ਼ੀਊ
ਜਿਨ੍ਹਾਂ ਡਿਗਵਾਇਆ ਉਹ ਵੀ ਦੋਸ਼ੀ—ਕਰਫ਼ੀਊ
ਭਿੰਡਰਾਂ ਵਾਲਾ ਮਰਿਆ—ਕਰਫ਼ੀਊ
1160 ਹੋਰ ਵੀ ਮਰ ਗਏ—ਕਰਫ਼ੀਊ
8000 ਜਾਂ ਜੇਲ੍ਹੀਂ ਡੱਕੇ—ਕਰਫ਼ੀਊ
ਜੇਲ੍ਹਾਂ ਵਿਚ ਖੂੰਠੇ ਲਟਕਾਏ—ਕਰਫ਼ੀਊ
ਸਿੱਖ ਫੌਜੀ ਬਾਗ਼ੀ ਹੋਏ—ਕਰਫ਼ੀਊ
ਕੁਝ ਪਕੜੇ ਕੁਝ ਮਾਰੇ ਗਏ—ਕਰਫ਼ੀਊ
ਸਰਕਾਰ ਮੁਕੱਦਮੇ ਚਲਾਏ—ਕਰਫ਼ੀਊ
ਸੁਣਾ ਲੰਮੀਆਂ ਕੈਦਾਂ ਜੇਲ੍ਹੀਂ ਘਲਾਏ—ਕਰਫ਼ੀਊ
ਫੌਜੀ ਰਾਜ ਖ਼ੂਬ ਗੁੱਲ ਖਿਲਾਏ—ਕਰਫ਼ੀਊ
ਝੂਠੇ ਮੁਕਾਬਲੇ ਬਣਾਏ—ਕਰਫ਼ੀਊ
ਜੇ ਪਹਿਲਾਂ ਹਿੰਦੂ ਮਰਦੇ—ਕਰਫ਼ੀਊ
ਹੁਣ ਵਾਰੀ ਨਾਲ—ਕਰਫ਼ੀਊ
ਸਿਖ ਸਨ ਮਰਦੇ—ਕਰਫ਼ੀਊ
ਦੋਨੋਂ ਪੰਜਾਬੀ ਮਾਵਾਂ ਦੇ ਜਾਏ—ਕਰਫ਼ੀਊ
ਇਹ ਨਾਂ ਕੋਈ ਯਾਦ ਕਰਵਾਏ—ਕਰਫ਼ੀਊ
ਕਰਫ਼ੀਊ—ਕਰਫ਼ੀਊ—ਕਰਫ਼ੀਊ—ਕਰਫ਼ੀਊ
ਸੰਤਾ ਸਿੰਘ ਬਾਬਾ ਆਇਆ—ਕਰਫ਼ੀਊ
ਬੀਬੀ ਅੱਗੇ ਸਿਰ ਨਿਵਾਇਆ—ਕਰਫ਼ੀਊ
ਅਕਾਲ ਤਖ਼ਤ ਫਿਰ ਬਣਾਇਆ—ਕਰਫ਼ੀਊ
ਆਖੇ ਜ਼ਖ਼ਮਾਂ ਤੇ ਮਰਹਮ ਲਗਾਇਆ—ਕਰਫ਼ੀਊ
ਸਿਖ ਆਖਣ ਸੀਨਿਆਂ 'ਚ ਲਾਂਬੂ ਲਾਇਆ—ਕਰਫ਼ੀਊ
ਅਸੀਂ ਨਹੀਂ ਕੁਝ ਭੁਲਿਆ ਭੁਲਾਇਆ—ਕਰਫ਼ੀਊ
ਇੰਦਰਾ ਮਾਰੀ—ਕਰਫ਼ੀਊ
ਤੂਫ਼ਾਨ ਇਕ ਭਾਰੀ ਆਇਆ—ਕਰਫ਼ੀਊ
ਸਿਖਾਂ ਉਹ ਹਿੱਕ ਤੇ ਹੰਢਾਇਆ—ਕਰਫ਼ੀਊ
ਬੁੱਢੇ ਜੀਂਦੇ ਸੜ ਗਏ—ਕਰਫ਼ੀਊ
ਔਰਤਾਂ ਦੀ ਪੱਤ—ਕਰਫ਼ੀਊ
ਗਲੀਆਂ 'ਚ ਰੁਲੇ ਰੁਲਾਏ—ਕਰਫ਼ੀਊ
ਦਸੰਬਰ ਚੁਰਾਸੀ ਫਿਰ ਚੜ੍ਹ ਆਇਆ—ਕਰਫ਼ੀਊ

ਧਰਮ ਨਿਰਪੇਖਤਾ ਜੜ੍ਹੋਂ ਮੁਕਾਈ—ਕਰਫੀਊ
ਵੋਟਾਂ ਖਾਤਿਰ ਹਿੰਦੂ ਪਤਿਆਇਆ—ਕਰਫੀਊ
ਕਾਤਲ ਭਗਤ ਵਜ਼ੀਰ ਬਣਾਇਆ—ਕਰਫੀਊ
ਜ਼ਖਮਾਂ ਤੇ ਲੂਣ ਹੈ ਲਾਇਆ—ਕਰਫੀਊ
ਆਖਣ ਸ਼ਬਕ ਸਿਖਾਉਣਾ—ਕਰਫੀਊ
ਪਰ ਆਪ ਸਬਕ ਨਾ ਆਇਆ—ਕਰਫੀਊ
ਕਰਫੀਊ—ਕਰਫੀਊ—ਕਰਫੀਊ
24 ਜੁਲਾਈ ਦਾ ਦਿਨ ਆਇਆ—ਕਰਫੀਊ
ਰਾਜੀਵ ਲੌਂਗੋਵਾਲ ਹੱਥ ਮਿਲਾਇਆ—ਕਰਫਿਊ
ਸੁੱਖ ਦਾ ਸਾਹ ਲੋਕਾਂ ਨੂੰ ਆਇਆ—ਕਰਫੀਊ
ਪਰ ਇਹ ਸਮਝੌਤਾ ਰਾਸ ਨਾ ਆਇਆ—ਕਰਫੀਊ
ਲੌਂਗੋਵਾਲ ਛੇਤੀ ਮਾਰ ਮੁਕਾਇਆ—ਕਰਫੀਊ
ਖਲਕਤ ਰੋਈ—ਕਰਫੀਊ
ਗਿਆ ਵਕਤ ਹੱਥ ਨਹੀਂ ਆਇਆ—ਕਰਫੀਊ
ਸੰਤਬਰ ਪਰਾਸੀ ਚੜ੍ਹਕੇ ਆਇਆ—ਕਰਫੀਊ
ਅਕਾਲੀਆਂ ਨੂੰ ਰਾਸ ਸੀ ਆਇਆ—ਕਰਫੀਊ
ਲੋਕਾਂ ਉਹਨਾਂ ਨੂੰ ਪੂਰਾ ਜਿਤਾਇਅ —ਕਰਫਿਊ
ਮੁੱਖ ਮੰਤਰੀ ਬਰਨਾਲਾ ਬਣਾਇਆ—ਕਰਫੀਊ
ਚਿਰ ਤੋਂ ਡੱਕਿਆ—ਕਰਫੀਊ
ਜੇਲ੍ਹੋਂ ਬਾਹਰ ਲਿਆਂਦਾ—ਕਰਫੀਊ
ਪਰ ਜੋਧਪੁਰ ਵਾਲੇ—ਕਰਫੀਊ
ਫੇਰ ਭੁਲਾਲੇ—ਕਰਫੀਊ
ਕਤਲਾਂ ਦਾ ਚੱਕਰ ਚੱਲਿਆ—ਕਰਫੀਊ
ਮੁੰਡਿਆਂ ਦਰਬਾਰ ਸਾਹਿਬ ਆ ਮੱਲਿਆ—ਕਰਫੀਊ
ਅਕਾਲ ਤਖ਼ਤ ਦੂਜੀ ਵਾਰ ਢਾਇਆ—ਕਰਫੀਊ
ਝੰਡਾ ਖਾਲਿਸਤਾਨੀਆਂ ਝੁਲਾਇਆ—ਕਰਫੀਊ
ਬਾਵਰਦੀ ਫੌਜੀ ਆਏ—ਕਰਫੀਊ
ਨੀਲਾ ਤਾਰਾ ਨਾਲ ਲਿਆਏ—ਕਰਫੀਊ
ਬਾਦਲ ਟੌਹੜਾ ਹੱਥ ਮਿਲਾਇਆ—ਕਰਫੀਊ
ਬਰਨਾਲਾ ਆ ਧਮਕਾਇਆ—ਕਰਫੀਊ
ਮੰਤਰੀ ਮੰਡਲ ਵਿਚੇ ਹਲਚਲ ਹੋਈ—ਕਰਫੀਊ
ਅਮਰਇੰਦਰ ਆਖੇ ਮੈਂ ਨਹੀਂ ਰਹਿਣਾ—ਕਰਫੀਊ
ਸੁਖਜਿੰਦਰ ਆਖੇ ਮੈਂ ਨਹੀਂ ਰਹਿਣਾ—ਕਰਫੀਊ
ਛਟਪੁਰ ਆਖੇ ਮੈਂ ਨਹੀਂ ਰਹਿਣਾ—ਕਰਫੀਊ
ਬਰਨਾਲਾ ਆਖੇ ਮੈਂ ਤੁਹਾਥੋਂ ਕੀ ਲੈਣਾ —ਕਰਫੀਊ
ਤੁਸੀਂ ਤਿੰਨਾਂ ਨੇ ਜਾਣਾ—ਕਰਫੀਊ
ਮੈਂ ਤੀਹਾਂ ਨੂੰ ਹੋਰ ਲਿਆਉਣਾ—ਕਰਫੀਊ
ਕੋਈ ਨਾ ਜਾਣੇ ਕੀ ਹੈ ਹੋਣਾ—ਕਰਫੀਊ
ਗੱਦੀਆਂ ਖਾਤਰ ਕਿੰਨਿਆਂ ਮਰਨਾ—ਕਰਫੀਊ
ਕਰਫੀਊ—ਕਰਫੀਊ—ਕਰਫੀਊ
ਸ਼ਿਵ ਸੈਨਾ ਤ੍ਰਿਸ਼ੂਲ ਉਠਾਏ—ਕਰਫੀਊ
ਫੈਡਰੇਸ਼ਨ ਬਰਛੇ ਚਮਕਾਏ—ਕਰਫੀਊ
ਨਫਰਤ ਵਾਲੇ ਬੀਜ ਉਗਾਏ—ਕਰਫੀਊ
ਸ਼ਹਿਰ ਸ਼ਹਿਰ ਬੰਦ ਕਰਾਏ—ਕਰਫੀਊ
ਦਿਹਾੜੀਆਂ ਟੁੱਟੀਆਂ—ਕਰਫੀਊ
ਰੋਜ਼ੀਆਂ ਮੁੱਕੀਆਂ—ਕਰਫੀਊ
ਹੁਣ ਕਥਾ ਕਰਫੀਊ ਪੇਸ਼ ਹਾਂ ਕਰਦੇ—ਕਰਫੀਊ
ਨਾਟਕ ਵਿਚ ਪ੍ਰਵੇਸ਼ ਹਾਂ ਕਰਦੇ—ਕਰਫੀਊ

ਇਕ ਚੱਕਰ ਲਗਾਉਂਦੇ ਹਨ ਤੇ ਨਾਟਕ ਦਾ ਪਹਿਲਾ ਦ੍ਰਿਸ਼ ਸ਼ੁਰੂ ਹੁੰਦਾ ਹੈ, ਤੁਰਲੇ ਦੀ ਪੱਗ ਵਾਲਾ ਸਰਕਾਰੀ ਬੰਦਾ ਢੰਡੋਰਾ ਦੇ ਰਿਹਾ ਹੈ। ਇੱਕ ਸਿੱਖ ਤੇ ਇਕ ਹਿੰਦੂ ਢੰਡੋਰਾ ਸੁਣ ਰਹੇ ਹਨ।

ਨੋਟ : ਇਸ ਦ੍ਰਿਸ਼ ਨੂੰ ਇਕ ਭੀੜ ਦਾ ਦ੍ਰਿਸ਼ ਵੀ ਬਣਾਕੇ ਪੇਸ਼ ਕੀਤਾ ਜਾ ਸਕਦਾ ਹੈ।

ਢੰਡੋਰੇ ਵਾਲਾ : ਸੁਣੋ ਸੁਣੋ।
ਬਾਕੀ : ਸੁਣਦੇ ਪਏ ਹਾਂ।
ਢੰਡੋਰੇ ਵਾਲਾ : ਕੰਨ ਖੋਲ੍ਹ ਕੇ ਸੁਣੋ।
ਬਾਕੀ : ਖੋਲ੍ਹੇ ਹੋਏ ਨੇ।
ਢੰਡੋਰੇ ਵਾਲਾ : ਸ਼ਹਿਰ ਵਿਚ ਕਰਫੀਊ ਲਗ ਗਿਆ ਹੈ।
ਬਾਕੀ—ਕਿਉਂ ?
ਢੰਡੋਰੇ ਵਾਲਾ : ਹਿੰਦੂ ਅਤੇ ਸਿਖ ਲੜ ਪਏ ਨੇ।
ਬਾਕੀ : ਕੀ ?
ਢੰਡੋਰੇਵਾਲਾ : (ਹਿੰਦੂ ਅਤੇ ਸਿੱਖ ਨੂੰ ਸੰਬੋਧਨ ਕਰਕੇ) ਯਨੀ ਤੂੰ ਤੇ ਇਹ ਲੜ ਪਏ ਹੋ।
ਹਿੰਦੂ : (ਸਿੱਖ ਨੂੰ) ਤੂੰ ਤੇ ਮੈਂ ਲੜ ਪਏ ਹਾਂ ?
ਸਿਖ : (ਹਿੰਦੂ ਨੂੰ) ਮੈਂ ਤੇ ਤੂੰ ਲੜ ਪਏ ਹਾਂ ?
ਇਕੱਠੇ : ਪਰ ਅਸੀਂ ਤਾਂ ਨਹੀਂ ਲੜੇ।
ਢੰਡੋਰੇ ਵਾਲਾ : ਨਹੀਂ ਲੜੇ ਤਾਂ ਲੜ ਪਵੋਗੇ।
ਇਕੱਠੇ : ਤੁਹਾਨੂੰ ਕਿਸ ਤਰ੍ਹਾਂ ਪਤਾ ਹੈ, ਅਸੀਂ ਲੜ ਪਵਾਂਗੇ।
ਢੰਡੋਰੇ ਵਾਲਾ : ਤੁਹਾਡੀਆਂ ਸ਼ਕਲਾਂ ਦਸਦੀਆਂ ਨੇ
ਇਕੱਠੇ : ਸਾਡੀਆਂ ਸ਼ਕਲਾਂ ਨੂੰ ਕੀ ਏ ?
ਢੰਡੋਰੇ ਵਾਲਾ : ਇਹ ਘਸੁੰਨ ਬਣੀਆਂ ਹੋਈਆਂ ਨੇ
ਇਕੱਠੇ : ਘਸੁੰਨ ?
ਢੰਡੋਰੇ ਵਾਲਾ : ਇਹਨਾਂ ਉਤੇ ਖਿਚਾਅ ਦੀ ਲੀਕਾਂ ਨੇ। ਇਹ ਨਿਸ਼ਾਨੀ ਤੇ ਕਿ ਤੁਸੀਂ ਜਲਦੀ ਲੜ ਪਵੋਗੇ। ਇਸ ਲਈ ਅਸੀਂ ਕਰਫੀਊ ਲਾ ਦਿਤਾ ਹੈ। ਸਾਡੀ ਸੀ. ਆਈ. ਡੀ ਨੇ ਸਾਨੂੰ ਇਤਲਾਹ ਦਿਤੀ ਹੈ
ਇਕੱਠੇ : ਸੀ. ਆਈ. ਡੀ. ?
ਢੰਡੋਰੇ ਵਾਲਾ : ਹਾਂ, ਸੀ. ਆਈ. ਡੀ. । ਸਰਕਾਰ ਦਾ ਖੁਫੀਆ ਮਹਿਕਮਾ। ਜੋ ਪਹਿਲੇ ਹੀ ਦਸ ਦੇਂਦਾ ਹੈ ਕਿ ਅਗੋਂ ਕੀ ਹੋਣ ਵਾਲਾ ਹੈ। ਜੋ ਲੋਕਾਂ ਦੇ ਦਿਲਾਂ ਦੀ ਜਾਣ ਲੈਂਦਾ ਹੈ। ਇਸ ਸੀ. ਆਈ. ਡੀ ਨੇ ਸਾਨੂੰ

ਬੜੀਆਂ ਇਤਲਾਹਾਂ ਦਿੱਤੀਆਂ ਹਨ।

ਇਕੱਠੇ–ਕੀ ?

ਢੰਡੋਰੇਵਾਲਾ : ਸਹਿਰ ਵਿਚ ਦੋ ਫਿਰਕੇ ਰਹਿੰਦੇ ਹਨ। ਇਕ ਸਿੱਖ ਨੇ ਇਕ ਹਿੰਦੂ ਨੇ। ਸਿਖ ਦੇ ਸਿਰ ਤੇ ਜੂੜੀ ਏ। ਹਿੰਦੂ ਦੇ ਸਿਰ ਤੇ ਬੋਦੀ ਏ। ਸਿਖ ਪੱਗ ਬੰਨ੍ਹਦਾ ਹੈ। ਹਿੰਦੂ ਟੋਪੀ ਪਾਂਦਾ ਹੈ। ਪਰ ਹੁਣ ਕੁਝ ਕੁਝ ਤਬਦੀਲੀ ਆ ਗਈ ਹੈ।

ਇਕੱਠੇ–ਕੀ ?

ਢੰਡੋਰੇਵਾਲਾ : ਹੁਣ ਹਿੰਦੂ ਸਿਰ ਨੰਗਾ ਰਖਦਾ ਹੈ ਤੇ ਸਿਖ ਪਗੜੀ ਦੀ ਥਾਂ ਪੱਟਕਾ ਬੰਨ੍ਹਦਾ ਹੈ, ਜਿਸਦਾ ਰੰਗ ਕੇਸਰੀ ਹੈ ਤੇ ਜਿਹੜਾ ਹਰ ਗੁਰਦੁਆਰੇ ਤੋਂ ਮੁਫਤ ਮਿਲਦਾ ਹੈ। ਅਗੋਂ ਸੁਣੋ ਸਾਡੀ ਸੀ. ਆਈ. ਡੀ ਨੇ ਕਿਹਾ ਹੈ ਕਿ ਹਿੰਦੂ ਰਾਮ ਰਾਮ ਕਰਦਾ ਹੈ, ਸਿਖ ਵਾਹਿਗੁਰੂ ਵਾਹਿਗੁਰੂ ਕਰਦਾ ਹੈ।

ਸਿਖ : ਇਸ ਵਿਚ ਸੀ. ਆਈ. ਡੀ ਦੇ ਦਸਣ ਵਾਲੀ ਕਿਹੜੀ ਗੱਲ ਏ ?

ਹਿੰਦੂ। ਇਹ ਤਾਂ ਬੱਚਾ ਬੱਚਾ ਜਾਣਦਾ ਏ।

ਢੰਡੋਰੇ ਵਾਲਾ : ਵਿਚ ਨਾ ਬੋਲੋ ਅਗੇ ਸੁਣੋ। ਸੀ. ਆਈ. ਡੀ ਨੇ ਇਤਲਾਹ ਦਿੱਤੀ ਹੈ ਕਿ ਇਕ ਸ਼ਿਵ ਸੈਨਾ ਦਾ ਹਮਾਇਤੀ ਏ ਅਤੇ ਦੂਜਾ ਸਿਖ ਸੈਨਾ ਦਾ ਹਮਾਇਤੀ ਏ, ਇਕ ਪੰਜਾਬ ਪੁਲਸ ਨੂੰ ਚੰਗਾ ਸਮਝਦਾ ਏ ਤੇ ਇਕ ਸੀ. ਆਰ. ਪੀ ਨੂੰ ਚੰਗਾ ਸਮਝਦਾ ਏ। ਇਕ ਕ੍ਰਿਪਾਨ ਕੋਲ ਰਖਦਾ ਏ। ਇਕ ਤ੍ਰਿਸ਼ੂਲ ਰਖਦਾ ਏ. ਕ੍ਰਿਪਾਨ ਦੀ ਧਾਰਾ ਤੇਜ਼ ਏ। ਤ੍ਰਿਸ਼ੂਲ ਦੀਆਂ ਨੁਕਰਾਂ ਤੇਜ਼ ਨੇ। ਕ੍ਰਿਪਾਨ ਵਢਦੀ ਏ। ਤ੍ਰਿਸ਼ੂਲ ਖੁੱਭਦਾ ਏ। ਬੰਦਾ ਦੋਨਾਂ ਹਾਲਤਾਂ ਵਿਚ ਮਰਦਾ ਏ। ਅੰਤੜੀਆਂ ਭਾਵੇਂ ਵੱਢੀਆਂ ਜਾਣ, ਭਾਵੇਂ ਬਾਹਰ ਕੱਢੀਆਂ ਜਾਣ। ਇਕੋ ਗੱਲ ਏ। ਇਸ ਲਈ ਸਾਡੀ ਸੀ. ਆਈ. ਡੀ ਦੀ ਰੀਪੋਰਟ ਕਹਿੰਦੀ ਏ ਕਿ ਤੁਸੀਂ ਲੜ ਪਵੋਗੇ। ਇਸ ਲਈ ਕਰਫੀਊ ਲਗਾ ਦਿੱਤਾ ਗਿਆ ਹੈ। ਕਰਫੀਊ ਦਾ ਮਤਲਬ ਏ :

ਤੁਹਾਡਾ ਫਿਰਨਾ ਤੁਰਨਾ ਘਰ ਵਿਚ
ਤੁਹਾਡਾ ਬੋਲਣਾ ਚਾਲਣਾ ਘਰ ਵਿਚ
ਤੁਹਾਡਾ ਖਾਣਾ ਪੀਣਾ ਘਰ ਵਿਚ
ਤੁਹਾਡਾ ਹੱਗਣਾ ਮੂਤਣਾ ਘਰ ਵਿਚ

ਬਾਹਰ ਗੰਦ ਪਾਉਣ ਦੀ ਲੋੜ ਨਹੀਂ। ਸੁਣ ਲਿਆ। ਧਿਆਨ ਨਾਲ ਰਵੋ। ਜੇ ਕਰਫੀਊ ਦੀ ਉਲੰਘਣਾ ਕੀਤੀ ਤਾਂ ਇਸ ਨੂੰ (ਸਿਖ ਵਲ ਇਸ਼ਾਰਾ ਕਰਕੇ) ਸੀ. ਆਰ. ਪੀ. ਮਾਰ ਦੇਵੇਗੀ ਤੇ ਇਸ ਨੂੰ (ਹਿੰਦੂ ਵਲ ਇਸ਼ਾਰਾ) ਪੰਜਾਬ ਪੁਲਸ ਮਾਰ ਦੇਵੇਗੀ। ਅਸੀਂ ਇਹ ਲਕੀਰ ਪਾ ਦਿੱਤੀ ਹੈ।

ਇਕੱਠੇ : ਲਕੀਰ ?

ਢੰਡੋਰੇਵਾਲਾ:ਹਾਂ ਲਕੀਰ। ਇਹ ਲਕੀਰ ਮੁਗ਼ਲ ਬਾਦਸ਼ਾਹ ਨਾ ਪਾ ਸਕੇ। ਉਹਨਾਂ 300 ਸਾਲ ਹਕੂਮਤ ਕੀਤੀ। ਇਹ ਲਕੀਰ ਅੰਗਰੇਜ਼ ਨਾ ਪਾ ਸਕੇ, ਉਹਨਾਂ ਨੇ 100 ਸਾਲ ਹਕੂਮਤ ਕੀਤੀ। ਅਸੀਂ ਸਿਰਫ 38 ਸਾਲ ਹਕੂਮਤ ਕੀਤੀ ਏ ਤੇ ਇਹ ਲਕੀਰ ਪਾ ਦਿੱਤੀ ਏ। ਇਹਨੂੰ ਕਹਿੰਦੇ ਨੇ ਹਕੂਮਤ ਕਰਨਾ। ਸੋ ਸੁਣੋ, ਸੁਣੋ

ਇਕੱਠੇ : ਬੇਦਿਲੀ ਨਾਲ) ਸੁਣਦੇ ਪਏ ਹਾਂ

ਢੰਡੋਰੇ ਵਾਲਾ : ਕੰਨ ਖੋਲ੍ਹਕੇ ਸੁਣੋ

ਇਕੱਠੇ : (ਬੇਦਿਲੀ ਨਾਲ) ਕੰਨ ਖੋਲ੍ਹੇ ਹੋਏ ਨੇ

ਢੰਡੋਰੇਵਾਲਾ : ਸ਼ਹਿਰ ਵਿਚ ਕਰਫੀਊ ਲੱਗ ਗਿਆ ਏ–

[ਆਪਣੀ ਡੁੱਗੀ ਵਜਾਂਦਾ ਚਲਾ ਜਾਂਦਾ ਹੈ, ਹਿੰਦੂ ਅਤੇ ਸਿੱਖ ਮੂਕ ਨਾਟਕ ਕਰਦੇ ਹਨ। ਪਹਿਲੇ ਇਕ ਦੂਜੇ ਵੱਲ ਵੇਖਦੇ ਹਨ, ਫੇਰ ਮੂੰਹ ਮੋੜ ਲੈਂਦੇ ਹਨ। ਫੇਰ ਇਕ ਦੂਜੇ ਵਲ ਵੇਖਦੇ ਹਨ ਤੇ ਫੇਰ ਮੂੰਹ ਮੋੜ ਲੈਂਦੇ ਹਨ। ਉਹ ਗੱਲ ਕਰਨਾ ਵੀ ਚਾਹੁੰਦੇ ਹਨ ਪਰ ਫੇਰ ਕੋਈ ਸੋਚ ਉਹਨਾਂ ਨੂੰ ਰੋਕ ਲੈਂਦੀ ਹੈ।

ਹਿੰਦੂ : ਰਾਮ ਸਿੰਘ,

ਸਿਖ : ਮੈਂ ਨਹੀਂ ਤੇਰੇ ਨਾਲ ਬੋਲਦਾ।

ਹਿੰਦੂ : ਕਿਉਂ ?

ਸਿਖ : ਤੂੰ ਤੇ ਮੈਂ ਲੜੇ ਹੋਏ ਹਾਂ।

ਹਿੰਦੂ : ਤੈਨੂੰ ਕਿਸ ਤਰ੍ਹਾਂ ਪਤੈ

ਸਿਖ : ਸੀ. ਆਈ. ਡੀ ਦੀ ਰੀਪੋਰਟ ਕਹਿੰਦੀ ਏ।

ਹਿੰਦੂ : ਫੇਰ ਤਾਂ ਅਸੀਂ ਵਾਕਈ ਲੜੇ ਹੋਏ ਹਾਂ, ਭਲਾ ਸੀ. ਆਈ. ਡੀ. ਦੀ ਰੀਪੋਰਟ ਗ਼ਲਤ ਹੋ ਸਕਦੀ ਏ ?

(ਫੇਰ ਮੂੰਹ ਮੋੜ ਲੈਂਦੇ ਹਨ ਤੇ ਪਹਿਲੇ ਵਾਲੇ ਐਕਸ਼ਨ ਇਕ ਦੋ ਵਾਰ ਦੁਹਰਾਂਦੇ ਹਨ)

ਸਿਖ : ਰਾਮ ਸਿੰਘ

ਹਿੰਦੂ : ਮੈਂ ਨਹੀਂ ਤੇਰੇ ਨਾਲ ਬੋਲਦਾ।

ਸਿਖ : ਕਿਉਂ ?

ਹਿੰਦੂ : ਸੀ. ਆਈ. ਡੀ ਰੀਪੋਰਟ ਕਹਿੰਦੀ ਏ ਕਿ ਤੂੰ ਮੈਨੂੰ ਕ੍ਰਿਪਾਨ ਮਾਰ ਦੇਵੇਂਗਾ। ਮੈਂ ਹਾਲੇ ਮਰਨਾ ਨਹੀਂ ਚਾਹੁੰਦਾ, ਮੇਰੇ ਨਿੱਕੇ ਨਿੱਕੇ ਬੱਚੇ ਨੇ।

ਸਿਖ : ਤੈਨੂੰ ਕਿਵੇਂ ਪਤਾ ਏ ਕਿ ਮੈਂ ਤੈਨੂੰ ਕ੍ਰਿਪਾਨ ਮਾਰ ਦੇਵਾਂਗਾ।

ਹਿੰਦੂ : ਸੀ. ਆਈ. ਡੀ ਦੀ ਰੀਪੋਰਟ ਕਹਿੰਦੀ ਏ, ਭਲਾ ਸੀ. ਆਈ. ਡੀ ਦੀ ਰੀਪੋਰਟ ਗ਼ਲਤ ਹੋ ਸਕਦੀ ਏ ?

(ਫੇਰ ਮੂੰਹ ਮੋੜ ਲੈਂਦੇ ਹਨ ਤੇ ਫਰੀਜ਼ ਹੋ ਜਾਂਦੇ ਹਨ)

ਪਿਛੋਂ ਆਵਾਜ਼: ਕਰਫੀਊ ਦਾ ਪਹਿਲਾ ਦਿਨ ਲੰਘ ਗਿਆ–

ਰਾਤ ਅਜੇ ਬਾਕੀ ਹੈ ।
ਕਰਫੀਉ ਦਾ ਦੂਜਾ ਦਿਨ ਲੰਘ ਗਿਆ—
ਰਾਤ ਅਜੇ ਬਾਕੀ ਹੈ
ਕਰਫੀਉ ਦੇ ਕਈ ਦਿਨ ਲੰਘ ਗਏ—
ਰਾਤ ਅਜੇ ਬਾਕੀ ਹੈ ।
ਗ਼ਮਾਂ ਦੀ ਉਮਰ ਲੰਮੀ—ਰਾਤ ਅਜੇ ਬਾਕੀ ਹੈ ।

(ਸੰਗੀਤ ਦਸਦਾ ਹੈ ਕਿ ਸਮਾਂ ਬੀਤ ਗਿਆ ਹੈ । ਇਹੋ ਗੱਲ ਰੌਸ਼ਨੀ ਬੁਝਾ ਜਗਾਕੇ ਵੀ ਦਸੀ ਜਾ ਸਕਦੀ ਹੈ)

—ਦ੍ਰਿਸ਼ ਦੂਜਾ—

(ਸਬਜ਼ੀ ਵਾਲਾ ਆਂਦਾ ਹੈ, ਇਹ ਢੰਡੋਰੇ ਵਾਲਾ ਪਹਿਲਾ ਪਾਤਰ ਵੀ ਹੋ ਸਕਦਾ ਹੈ)

ਸਬਜ਼ੀ ਵਾਲਾ : ਟੀਂਡੇ ਲੈ ਲਓ ਟੀਂਡੇ—ਟੀਂਡੇ ਗੋਲ ਗੋਲ ਟੀਂਡੇ ਨਿੱਕੇ ਨਿੱਕੇ—ਟੀਂਡੇ ਪੋਲੇ ਪੋਲੇ—ਟੀਂਡੇ ਲੂੰਈ ਵਾਲੇ—ਟੀਂਡੇ ਤਾਜ਼ੇ ਟੀਂਡੇ—

ਸਿਖ : ਟੀਂਡੇ ਕੀ ਭਾਅ ਨੇ

ਸਬਜ਼ੀਵਾਲਾ : ਭਾਅ ਪੁਛ ਕੇ ਕੀ ਕਰਨਾਂ ? ਟੀਂਡੇ ਲੈਣ ਦੀ ਕਰੋ ।

ਹਿੰਦੂ : ਭਾਅ ਕਿਉਂ ਨਹੀਂ ਪੁੱਛਣਾ ।

ਸਬਜ਼ੀਵਾਲਾ : ਰੁਪਈਏ ਪਾਅ, ਚਾਰ ਰੁਪਏ ਕਿਲੋ

ਇਕੱਠੇ : ਚਾਰ ਰੁਪੈ ਕਿਲੋ ?

ਸਬਜ਼ੀ ਵਾਲਾ : ਹਾਂ ਚਾਰ ਰੁਪਏ ਕਿਲੋ ।

ਸਿਖ : ਪਿਛਲੇ ਹਫਤੇ ਮੈਂ ਡੇਢ ਰੁਪਏ ਕਿਲੋ ਲਏ

ਹਿੰਦੂ : ਮੈਂ ਮੰਡੀਓ ਰੁਪਏ ਕਿਲੋ ਲਿਆਇਆ ।

ਸਬਜ਼ੀਵਾਲਾ : ਉਦੋਂ ਕਰਫੀਉ ਨਹੀਂ ਸੀ । ਬੰਦਾ ਖੁਲ੍ਹ ਨਾਲ ਇਧਰ ਆ ਸਕਦਾ ਸੀ । ਬੰਦਾ ਖੁਲ੍ਹ ਨਾਲ ਉਧਰ ਜਾਂ ਸਕਦਾ ਸੀ, ਇਥੇ ਆਉਣ ਲਈ ਮੈਨੂੰ ਕਈ ਕਈ ਤਰਦੱਦ ਕਰਨੇ ਪਏ ! ਰੇਲ ਸਟੇਸ਼ਨ ਤੇ ਕਰਫੀਉ ਪਾਸ ਬਣਵਾਇਆ ।-ਪੈਸੇ ਦਿਤੇ ਪਰ ਪਾਸ ਨੂੰ ਕੌਣ ਪੁਛਦੈ ? ਪੁਲਸ ਦੇ ਥਾਨੇਦਾਰ ਨੂੰ ਵਖਰੇ ਪੈਸੇ ਦੇਣੇ ਪਏ—ਹਵਾਲਦਾਰ ਨੂੰ ਵੱਖਰੇ ਪੈਸੇ ਦੇਣੇ ਪਏ, ਸਿਪਾਹੀ ਨੂੰ ਵੱਖਰੇ ਪੈਸੇ ਦੇਣੇ ਪਏ । ਸੀ. ਆਰ. ਪੀ. ਦੇ ਦੋ ਫੀਤੀਆਂ ਵਾਲੇ ਅਫਸਰ ਨੂੰ ਵਖਰੇ ਪੈਸੇ ਦੇਣੇ ਪਏ, ਇਕ ਫੀਤੀ ਵਾਲੇ ਨੂੰ ਵੱਖਰੇ ਤੇ ਬਗੈਰ ਫੀਤੀ ਵਾਲੇ ਹੋ ਵੱਖਰੇ । ਇਸ ਲਈ ਰੁਪਏ ਕਿਲੋ ਵਾਲੇ ਟੀਂਡੇ ਚਾਰ ਰੁਪਏ ਕਿਲੋ—ਇਹਨੂੰ ਕਹਿੰਦੇ ਨੇ ਕਰਫੀਉ ।

ਇਕੱਠੇ : ਅਸੀਂ ਨਹੀਂ ਲੈਣੇ ।

ਸਬਜ਼ੀਵਾਲਾ : ਨਾ ਲਵੋ, ਮੈਂ ਕਿਧਰੇ ਹੋਰ ਫੇਰ ਲਵਾਂਗਾ । ਤਾਜ਼ਾ ਸਬਜ਼ੀ ਮਿਲਦੀ ਕਿੱਥੇ ਏ ? ਲੋਕ ਤਰਸਦੇ ਨੇ ਕੋਈ ਹਰੀ ਸਬਜ਼ੀ ਮਿਲੇ ।

ਸਿਖ : (ਹਿੰਦੂ ਨੂੰ) ਸਬਜ਼ੀ ਸਾਡੇ ਸ਼ਹਿਰ ਰੁਲਦੀ ਸੀ

ਹਿੰਦੂ : (ਸਿਖ ਨੂੰ) ਮੰਡੀ ਵਿਚੋਂ ਕੋਈ ਚੁਕਦਾ ਨਹੀਂ ਸੀ ।

ਸਬਜ਼ੀਵਾਲਾ : ਰੁਲਦੀ ਸੀ, ਹੁਣ ਨਹੀਂ ਰੁਲਦੀ । ਉਸ ਵੇਲੇ ਕਰਫੀਉ ਨਹੀਂ ਸੀ । ਹੁਣ ਕਰਫੀਉ ਹੈ । ਕਰਫੀਉ ਤੋਂ ਪਹਿਲੇ ਟੀਂਡੇ ਇਕ ਰੁਪਏ ਕਿਲੋ—ਕਰਫੀਉ ਵੇਲੇ ਟੀਂਡੇ ਚਾਰ ਰੁਪਏ ਕਿਲੋ (ਜਾਂਦੇ ਹੋਏ) ਟੀਂਡੇ ਲੈ ਲਓ ਟੀਂਡੇ—ਟੀਂਡੇ ਗੋਲ ਗੋਲ, ਟੀਂਡੇ ਨਿੱਕੇ ਨਿੱਕੇ, ਟੀਂਡੇ ਲੂੰਈ ਵਾਲੇ—ਟੀਂਡੇ ਤਾਜ਼ੇ ਟੀਂਡੇ

(ਸਿੱਖ ਤੇ ਹਿੰਦੂ ਖਿੜ ਵਿਚ ਉਹਦੀ ਨਕੱਲ ਲਗਾਂਦੇ ਨੇ)

ਸਿਖ : ਟੀਂਡੇ ਲੈ ਲਓ ਟੀਂਡੇ

ਹਿੰਦੂ : ਟੀਂਡੇ ਗੋਲ ਗੋਲ

ਸਿੱਖ : ਟੀਂਡੇ ਨਿੱਕੇ ਨਿੱਕੇ

ਹਿੰਦੂ : ਟੀਂਡੇ ਲੂੰਈ ਵਾਲੇ

ਸਿੱਖ : ਅਸੀਂ ਇਥੇ ਮਰਦੇ ਪਏ ਹਾਂ

ਹਿੰਦੂ : ਇਹਨੂੰ ਖੁਸ਼ੀਆਂ ਚੜ੍ਹੀਆਂ ਨੇ ।

ਸਬਜ਼ੀਵਾਲਾ : (ਰੁੱਕ ਕੇ) ਨਾ ਮਰੋ, ਤੁਹਾਨੂੰ ਹਕੀਮ ਕਿਹਾ ਮਰੋ । ਨਾ ਲੜੋ, ਤੁਹਾਨੂੰ ਹਕੀਮ ਕਿਹਾਂ ਲੜੋ । ਮੂਰਖ ਜਦੋਂ ਲੜਦੇ ਨੇ, ਸਿਆਣੇ ਉਸ ਤੋਂ ਖੱਟਦੇ ਨੇ । ਟੀਂਡੇ ਲੈ ਲਓ ਟੀਂਡੇ......

(ਤੇ ਉਹ ਬਾਹਰ ਜਾਂਦਾ ਹੈ ਤੇ ਉਹਦੀ ਅਵਾਜ਼ ਹੌਲੇ ਹੌਲੇ ਮੱਧਮ ਹੁੰਦੀ ਹੈ)

ਸਿਖ : ਸੁਣ ਲੈ, ਕਹਿ ਗਿਆ ਹੈ ਅਸੀਂ ਮੂਰਖ ਹਾਂ ।

ਹਿੰਦੂ : ਅਸੀਂ ਮੂਰਖ ਕਿਉਂ ਹਾਂ ?

ਸਿਖ : ਸੀ. ਆਈ. ਡੀ. ਦੀ ਰੀਪੋਰਟ ਜੋ ਕਹਿੰਦੀ ਹੈ

ਹਿੰਦੂ : ਕੀ ਕਹਿੰਦੀ ਹੈ ?

ਸਿਖ : ਕਿ ਅਸੀਂ ਲੜੇ ਹੋਏ ਹਾਂ ਤੇ ਲੜਦੇ ਹਮੇਸ਼ਾ ਮੂਰਖ ਹੀ ਹਨ । ਭਲਾ ਸੀ. ਆਈ. ਡੀ ਦੀ ਰੀਪੋਰਟ ਗ਼ਲਤ ਹੋ ਸਕਦੀ ਹੈ

ਹਿੰਦੂ : ਹਾਂ ਉਹ ਗ਼ਲਤ ਨਹੀਂ ਹੋ ਸਕਦੀ । ਅਪਣੀ ਸਰਕਾਰ ਦੀ ਸੀ. ਆਈ. ਡੀ. ਏ—ਇਸ ਲਈ ਅਸੀਂ ਵਾਕਈ ਲੜੇ ਹੋਏ ਹਾਂ ।

(ਫੇਰ ਇਕ ਦੂਜੇ ਤੋਂ, ਮੂੰਹ ਮੋੜ ਕੇ ਘਸੁਣ ਬਣਕੇ ਰਹਿ ਜਾਂਦੇ ਹਨ)

ਆਵਾਜ਼ : ਕਰਫੀਉ ਵਾਲੀ ਰਾਤ ਲੰਮੀ—
ਸਵੇਰ ਕਿਧਰੇ ਦਿਸਦੀ ਨਹੀਂ ।
ਸੂਰਜ ਵਾਲੀ ਉਡੀਕ ਲੰਮੀ—
ਸਵੇਰ ਕਿਧਰੇ ਦਿਸਦੀ ਨਹੀਂ
ਦੁਖਾ ਵਾਲੀ ਰਾਤ ਲੰਮੀ—ਸਵੇਰ ਕਿਧਰੇ ਦਿਸਦੀ ਨਹੀਂ
ਗ਼ਮਾਂ ਵਾਲੀ ਰਾਤ ਲੰਮੀ—ਸਵੇਰ ਕਿਧਰੇ ਦਿਸਦੀ ਨਹੀਂ

ਸਟੇਜ ਦੇ ਸੈਂਟਰ ਤੇ ਇਕ ਪੰਜਾਬ ਪੁਲਸ ਦਾ ਸਿਪਾਹੀ ਆਂਦਾ ਹੈ ਅਤੇ ਇਕ ਸੀ. ਆਰ. ਪੀ. ਦਾ ।

ਸਿਖ ਤੇ ਹਿੰਦੂ ਦੋਨੋਂ ਇੱਕ ਇੱਕ ਪਾਸੇ ਖਲੋਕੇ ਉਹਨਾਂ ਦੀਆਂ ਗੱਲਾਂ ਸੁਣਦੇ ਹਨ

ਪੰਜਾਬ ਪੁਲਸ ਵਾਲਾ : ਇਥੇ ਇਕ ਬਾਬਾ ਆਇਆ ਸੀ, ਟੀਂਡੇ ਵੇਚਦਾ ਸੀ, ਤੂੰ ਉਹਨੂੰ ਦੇਖਿਆ ਏ ?

ਸੀ. ਆਰ. ਪੀ. ਵਾਲਾ : ਮੈਂ ਵੀ ਉਹਨੂੰ ਲਭ ਰਿਹਾ ਹਾਂ

ਪ.ਪ : ਕਿਉਂ ?

ਸੀ.ਪੀ : ਪਹਿਲੇ ਤੂੰ ਦਸ, ਤੂੰ ਕਿਉਂ ਲਭ ਰਿਹਾ ਏਂ ?

ਪ.ਪ : ਸੱਚੀ ਗਲ ਏ, ਉਹ ਮੇਰੇ ਚੌਂਕ ਤੋਂ ਲੰਘਣ ਲਗਾ ਮੈਂ ਰੋਕਿਆ ਤਾਂ ਉਹਨੇ ਮੇਰੀ ਮੁੱਠ ਵਿਚ ਇਹ ਨੋਟ ਦੇ ਦਿਤਾ, ਪਿਛੋਂ ਵੇਖਿਆ ਨੋਟ ਦੋ ਟੋਟੇ ਹੋਇਆ ਪਿਆ ਸੀ।

ਸੀ.ਪੀ : ਬੜਾ ਬਦਮਾਸ਼ ਏ

ਪ.ਪ : ਕਿਉਂ ਤੇਰੇ ਨਾਲ ਵੀ ਏਸੇ ਤਰ੍ਹਾਂ ਕੀਤਾ ?

ਸੀ. ਪੀ. : ਮੇਰੇ ਚੌਂਕ ਵਿਚੋਂ ਲੰਘਣ ਲਗਾ, ਮੈਂ ਮਨ੍ਹਾ ਕੀਤਾ, ਮੇਰੀ ਮੁੱਠ ਵਿਚ ਨੋਟ ਦੇ ਦਿਤਾ, ਮੈਂ ਸੋਚਿਆ ਦੱਸ ਦਾ ਨੋਟ ਏ, ਬਾਅਦ ਵਿਚ ਵੇਖਿਆ ਤਾਂ ਦੋ ਦਾ ਨੋਟ ਸੀ।

ਪ.ਪ : ਕਰਫੀਊ ਵਿਚ ਚੋਰਾਂ ਨੂੰ ਵੀ ਮੋਰ ਪੈ ਗਏ ਮੇਰਾ ਖਿਆਲ ਏ ਸਿਖ ਸੀ।

ਸੀ.ਪੀ : ਨਹੀਂ ਹਿੰਦੂ ਸੀ

ਪ.ਪ : ਮੇਰੇ ਕੋਲੋਂ ਲੰਘਿਆ ਤਾਂ ਸਿਰ ਤੇ ਪੱਗ ਸੀ, ਇਸੇ ਲਈ ਮੈਂ ਲੰਘਣ ਦਿਤਾ

ਸੀ.ਪੀ. : ਮੇਰੇ ਕੋਲੋਂ ਲੰਘਿਆ ਤੇ ਸਿਰ ਤੇ ਟੋਪੀ ਸੀ, ਇਸ ਲਈ ਮੈਂ ਲੰਘਣ ਦਿਤਾ

ਪ.ਪ : ਕਿਹੋ ਜਿਹਾ ਸਮਾਂ ਆ ਗਿਆ ਏ, ਬੰਦੇ ਦਾ ਪਤਾ ਹੀ ਨਹੀਂ ਲਗਦੇ ਕਿ ਉਹ ਕੀ ਏ ?

ਸੀ. ਪੀ. : ਮੁਸਲਮਾਨ ਹੁੰਦਾ ਤਾਂ ਨੰਗਾ ਕਰਕੇ ਵੇਖ ਲੈਂਦੇ। ਹਿੰਦੂ ਸਿੱਖ ਵਿਚ ਤਾਂ ਇਹ ਵੀ ਫਰਕ ਨਹੀ।

(ਏਨੇ ਵਿਚ ਹਿੰਦੂ ਵਿਅਕਤੀ ਰੂਹ ਅਫਜ਼ਾ ਦਾ ਸ਼ਰਬਤ ਬਣਾਕੇ ਲਿਆਂਦਾ ਹੈ, ਤੇ ਸੀ. ਆਰ. ਪੀ. ਦੇ ਸਿਪਾਹੀ ਨੂੰ ਇਕ ਪਾਸੇ ਬੁਲਾਕੇ ਪੇਸ਼ ਕਰਦਾ ਹੈ)

ਹਿੰਦੂ : ਹੌਲਦਾਰ ਜੀ, ਯੇਹ ਸ਼ਰਬਤ ਪੀਵੇਂ (ਹੌਲਦਾਰ ਸ਼ਰਬਤ ਪੀਂਦਾ ਹੈ) ਯੇਹ ਜੋ ਹਮਾਰੇ ਪੜੋਸ ਮੇ ਸਿਖ ਰਹਿਤਾ ਹੈ, ਇਸਨੇ ਆਪਣੀ ਛੱਤ ਪਰ ਈਂਟੇ ਔਰ ਪੱਥਰ ਇਕੱਠੇ ਕਰ ਰਖੇ ਹੈਂ।

ਸੀ.ਪੀ. : ਤੁਮ੍ਹੇਂ ਕੈਸੇ ਪਤਾ ਹੈ ?

ਹਿੰਦੂ : ਹਮਾਰੇ ਬਚੋਂ ਨੇ ਸੀ. ਆਈ. ਡੀ ਕੀ ਹੈ।

ਸੀ. ਪੀ. : ਤੁਮ ਫਿਕਰ ਮਤ ਕਰੋ, ਹਮ ਉਨਕੋ ਸਬਕ ਸਿਖਾ ਦੇਂਗੇ ਹਮੇਂ ਭੇਜਾ ਹੀ ਇਸ ਮਤਲਬ ਕੇ ਲੀਏ ਹੈ। ਮਗਰ ਵੋਹ ਬਦਮਾਸ਼ ਕਹਾਂ ਗਿਆ ?

ਹਿੰਦੂ : ਕੌਣ

ਸੀ. ਪੀ. : ਸਬਜ਼ੀ ਬੇਚਣੇ ਵਾਲਾ

ਹਿੰਦੂ : ਹਾਂ ਬਹੁਤ ਬਦਮਾਸ਼ ਏ—ਏਕ ਰੁਪਏ ਕੇ ਟੀਂਡੇ ਚਾਰ ਰੁਪਏ ਬੇਚਤਾ ਥਾ

ਸੀ. ਪੀ. : ਕਰਫ਼ੀਊ ਮੇਂ ਸਭ ਚਲਤਾ ਹੈ—ਦੋ ਕਾ ਨੋਟ ਦੱਸ ਮੇ ਚਲਤਾ ਹੈ, (ਬਾਹਰ ਜਾਂਦਾ ਹੈ)

ਸਿਖ : (ਪੰਜਾਬ ਪੁਲਸ ਵਾਲੇ ਨੂੰ) ਹੌਲਦਾਰ ਜੀ, ਇਹ ਲੱਸੀ ਪੀਵੋ (ਪ. ਪ ਲੱਸੀ ਪੀਂਦਾ ਹੈ) ਇਹ ਸਾਡੇ ਗਵਾਂਢ ਵਿਚ ਜਿਹੜਾ ਲਾਲਾ ਰਹਿੰਦਾ ਏ—ਇਹਨੇ ਕੋਠੇ ਤੇ ਸੋਡੇ ਦੀਆਂ ਬੋਤਲਾਂ ਇਕੱਠੀਆਂ ਕੀਤੀਆਂ ਹਨ

ਪ. ਪ : ਤੁਹਾਨੂੰ ਕਿੰਝ ਪਤਾ ਏ ?

ਸਿਖ : ਸਾਡੇ ਬੱਚਿਆਂ ਨੇ ਸੀ. ਆਈ. ਡੀ ਕੀਤੀ ਏ

ਪ. ਪ : ਤੁਸੀਂ ਫਿਕਰ ਨਾ ਕਰੋ। ਸਾਡੇ ਹੁੰਦਿਆਂ ਤੁਹਾਨੂੰ ਕਾਹਦਾ ਫਿਕਰ ਏ ? ਪਰ ਉਹ ਬਦਮਾਸ਼ ਕਿਥੇ ਗਿਆ ?

ਸਿਖ : ਕੌਣ ?

ਪੰ. ਪ : ਸਬਜ਼ੀ ਵੇਚਣ ਵਾਲਾ

ਸਿਖ : ਬੜਾ ਬਦਮਾਸ਼ ਏ—ਰੁਪਏ ਕਿਲੋ ਵਾਲੇ ਟੀਂਡੇ ਚਾਰ ਰੁਪਏ ਵਿਚ ਵੇਚਦਾ ਏ

ਪ. ਪ : ਕਰਫੀਊ ਵਿਚ ਸਭ ਚਲਦਾ ਏ—ਵਟਿਆ ਨੋਟ ਸਬੂਤਾ ਹੋ ਕੇ ਚਲਦਾ ਹੈ (ਜਾਂਦਾ ਹੈ)

ਹਿੰਦੂ : (ਸਿਖ ਨੂੰ ਲਾਕੇ) ਬੜੀਆਂ ਲੱਸੀਆਂ ਪਿਆਈਆਂ ਜਾ ਰਹੀਆਂ ਸਨ

ਸਿਖ : ਤਾਂ ਤੂੰ ਵੀ ਅੰਦਰੋਂ ਬੜਾ ਲਾਲ ਲਾਲ ਸ਼ਰਬਤ ਬਣਾਕੇ ਲਿਆਇਆ ਸੀ।

ਹਿੰਦੂ : ਆਪਣਾ ਬਚਾਅ ਤਾਂ ਕਰਨਾ ਹੋਇਆ।

ਸਿਖ : ਫੇਰ ਅਸੀਂ ਬਚਾਅ ਕਰੀਏ ਤਾਂ ਪੀੜ ਕਿਉਂ ਹੁੰਦੀ ਏ

ਹਿੰਦੂ : ਹੂੰ

ਸਿਖ : ਹੂੰ

ਹਿੰਦੂ : ਇਹਦਾ ਮਤਲਬ ਏ ਕਿ ਅਸੀਂ ਵਾਕਈ ਲੜ ਪਏ

ਸਿਖ : ਹਾਂ ਸੀ. ਆਈ. ਡੀ.ਦੀ ਰਿਪੋਰਟ ਇਹੋ ਕਹਿੰਦੀ ਹੈ

(ਦੋਨੋਂ ਘਸੁੰਨ ਬਣਕੇ ਬੈਠ ਜਾਂਦੇ ਹਨ)

ਅਵਾਜ਼ : ਕਰਫੀਊ ਵਾਲੀ ਰਾਤ ਲੰਮੀ—
ਕੋਈ ਤੇ ਮੁਹਬਤ ਦੀ ਬਾਤ ਪਾਓ
ਰਾਤ ਲੰਮੀ ਬੀਤਦੀ ਨਹੀਂ—
ਕੋਈ ਤਾਂ ਦੋਸਤੀ ਦੀ ਦਾਸਤਾਨ ਸੁਣਾਓ
ਦੁਸ਼ਮਣੀ ਦਾ ਛੇੜੋ ਨਾ ਜ਼ਿਕਰ ਵਾਰ ਵਾਰ—
ਕੋਈ ਤੇ ਮੁਹਬਤ ਦੀ ਬਾਤ ਪਾਓ
ਬਹੁਤ ਹੋ ਚੁੱਕੀ ਹੈ ਖੰਜਰਾਂ ਦੀ ਕਥਾ—

ਕੋਈ ਤਾਂ ਦੋਸਤੀ ਦੀ ਦਾਸਤਾਨ ਸੁਣਾਓ

(ਉਹਨਾਂ ਦੇ ਖਿਚਾਅ ਵਾਲੇ ਪ੍ਰਭਾਵਾਂ ਵਿਚ ਫਰਕ ਘਟ ਹੈ)

ਅਖਬਾਰ ਵਾਲਾ ਆਂਦਾ ਹੈ।

ਨੋਟ : ਇਹ ਸਬਜ਼ੀ ਵੇਚਣ ਵਾਲਾ ਹੀ ਪਾਤਰ ਹੋਰ ਪਹਿਰਾਵ ਵਿਚ ਹੋ ਸਕਦਾ ਹੈ।

ਅਖਬਾਰ ਵਾਲਾ : ਅਜ ਦੀ ਤਾਜ਼ਾ ਖ਼ਬਰ, ਅਖ਼ਬਾਰ ਲਵੋ, ਅਖਬਾਰ ਲਵੋ, ਹਿੰਦੂ ਜਗ ਬਾਣੀ ਪੜ੍ਹਣ (ਹਿੰਦੂ ਨੂੰ ਦੇਂਦਾ ਹੈ) ਸਿਖ ਅਜੀਤ ਪੜ੍ਹਣ (ਸਿਖ ਨੂੰ ਦੇਂਦਾ ਹੈ) ਤੇ ਆਪਸ ਵਿਚ ਲੜਣ—ਅਖ਼ਬਾਰ ਲਵੋ— ਅਖਬਾਰ ਲਵੋ।

ਸਿਖ : (ਅਜੀਤ ਪੜ੍ਹਕੇ) ਮੁਖ ਮੰਤਰੀ ਦਾ ਬਿਆਨ— ਪਿਛਲੇ ਦਿਨਾਂ ਪੰਜਾਬ ਵਿਚ ਬਾਹਰ ਦੇ ਸੂਬਿਆਂ ਤੋਂ ਇਕ ਹਜ਼ਾਰ ਟੱਬਰ ਪੰਜਾਬ ਵਿਚ ਆਏ ਹਨ ਭਾਰਤ ਸਰਕਾਰ ਨੂੰ ਇਸ ਦੇ ਬਾਰੇ ਕੁਝ ਕਰਨਾ ਚਾਹੀਦਾ ਹੈ।

ਹਿੰਦੂ : (ਜਗ ਬਾਣੀ ਪੜ੍ਹਕੇ) ਪੰਜਾਬ ਤੋਂ 1000 ਹਿੰਦੂ ਟੱਬਰ ਬਾਹਰ ਦੇ ਸੂਬਿਆਂ ਵਿਚ ਜਾਣ ਤੇ ਮਜਬੂਰ ਹੋ ਗਏ ਹਨ ਪੰਜਾਬ ਸਰਕਾਰ ਨੂੰ ਇਹਦੇ ਬਾਰੇ ਕੁਝ ਕਰਨਾ ਚਾਹੀਦਾ ਹੈ।

ਸਿਖ : ਜਗਬਾਣੀ ਵਾਲਾ ਪੰਜਾਬ ਦੀ ਗੱਲ ਵਧਾ ਕੇ ਲਿਖਦਾ ਹੈ

ਹਿੰਦੂ : ਅਜੀਤ ਵਾਲਾ ਪੰਜਾਬ ਦੀ ਗਲ ਘੱਟਾ ਕੇ ਲਿਖਦਾ ਹੈ।

ਅਖਬਾਰ ਵਾਲਾ : ਮੇਰੀ ਅਖਬਾਰ ਕਹਿੰਦੀ ਹੈ, ਪੰਜਾਬ ਤੋਂ ਬਾਹਰ ਸਿਖਾਂ ਲਈ ਵਾਤਾਵਰਨ ਠੀਕ ਨਹੀਂ ਤੇ ਪੰਜਾਬ ਅੰਦਰ ਹਿੰਦੂਆਂ ਲਈ ਵਾਤਾਵਰਨ ਠੀਕ ਨਹੀਂ—ਭਾਰਤ ਸਰਕਾਰ ਵੀ ਫਿਰਕੂ ਹੈ। ਪੰਜਾਬ ਸਰਕਾਰ ਵੀ ਫਿਰਕੂ ਹੈ। (ਦੋਨੋਂ ਵਲ ਵਾਰੀ ਵਾਰੀ ਸੰਬੋਧਨ ਹੋ ਕੇ) ਰਾਮ ਲਾਲ ਵੀ ਫਿਰਕੂ ਏ ਰਾਮ ਸਿੰਘ ਵੀ ਫਿਰਕੂ ਏ—ਇਸੇ ਲਈ ਕਰਫੀਊ ਏ।

ਹਿੰਦੂ : ਭਾਰਤ ਦੇ ਇਕ ਉੱਘੇ ਹਿੰਦੂ ਨੇਤਾ ਦਾ ਬਿਆਨ ਚੰਦੀਗੜ ਪੰਜਾਬ ਨੂੰ ਨਹੀਂ ਦਿਤਾ ਜਾਣਾ ਚਾਹੀਦਾ ਕੀ ਪਤਾ ਸਿਖ ਚੰਦੀਗੜ ਲੈ ਕੇ ਕਿਸ ਵੇਲੇ ਦੇਸ਼ ਤੋਂ ਵੱਖ ਹੋ ਜਾਣ।

ਸਿਖ : ਹਿੰਦੂ ਪੰਜਾਬ ਵਿਚ ਰਹਿੰਦੇ ਹੋਏ ਵੀ ਨਹੀਂ ਚਾਹੁੰਦੇ ਕਿ ਚੰਦੀਗੜ ਪੰਜਾਬ ਨੂੰ ਮਿਲੇ। ਹਿੰਦੂ ਪੰਜਾਬ ਦੇ ਹਿੱਤ ਵਿਚ ਨਹੀਂ

ਹਿੰਦੂ : ਸਿਖ ਦੇਸ਼ ਦੇ ਹਿੱਤ ਵਿਚ ਨਹੀ

ਅਖਬਾਰ ਵਾਲਾ : ਮੇਰੀ ਅਖਬਾਰ ਕਹਿੰਦੀ ਏ। ਦੋਨੋਂ ਕਿਸੇ ਦੇ ਹਿੱਤ ਵਿਚ ਨਹੀਂ ਕਿਉਂਕਿ ਦੋਨਾਂ ਦੀ ਸੋਚ ਫਿਰਕੂ ਏ—ਰਾਮ ਲਾਲ ਵੀ ਫਿਰਕੂ ਏ—ਰਾਮ ਸਿੰਘ ਵੀ ਫਿਰਕੂ ਏ—ਇਸੇ ਲਈ ਕਰਫੀਊ ਏ।

ਸਿਖ : ਠੀਕ ਏ।

ਹਿੰਦੂ : ਕੀ ਠੀਕ ਏ ?

ਸਿਖ : ਇਹੋ ਕਿ ਮੈਂ ਵੀ ਫਿਰਕੂ ਹਾਂ ਤੂੰ ਵੀ ਫਿਰਕੂ ਏਂ ਇਸੇ ਲਈ ਕਰਫੀਊ ਏ।

ਸਿੱਖ : ਰਾਮ ਲਾਲ ਚੰਡੀਗੜ ਜੇ ਪੰਜਾਬ ਨੂੰ ਮਿਲ ਜਾਏ, ਤੇਰੀ ਸਿਹਤ ਤੇ ਕੋਈ ਫਰਕ ਪੈਂਦਾ ਏ ?

ਹਿੰਦੂ : ਕੀ ਮਤਲਬ ?

ਸਿਖ : ਮਤਲਬ ਕੀ ਤੇਰਾ ਕੋਈ ਜ਼ਿੰਦਗੀ ਦਾ ਮਸਲਾ ਚੰਦੀਗੜ ਨਾਲ ਜੁੜਿਆ ਹੋਇਆ ਹੈ ?

ਹਿੰਦੂ : ਨਹੀਂ ਤਾਂ

ਸਿਖ : ਫੇਰ ਏਨਾ ਲਾਲ ਪੀਲਾ ਕਿਉਂ ਹੁੰਦਾ ਏਂ ?

ਹਿੰਦੂ : ਤੈਨੂੰ ਇਕ ਗਲ ਪੁਛਾਂ

ਸਿਖ : ਪੁੱਛ

ਹਿੰਦੂ : ਕੀ ਤੇਰਾ ਕੋਈ ਜ਼ਿੰਦਗੀ ਦਾ ਮਸਲਾ ਚੰਡੀਗੜ੍ਹ ਨਾਲ ਜੁੜਿਆ ਹੋਇਆ ਏ ?

ਸਿਖ : ਨਹੀਂ ਤਾਂ

ਹਿੰਦੂ : ਫੇਰ ਅਸੀਂ ਆਪਸ ਵਿਚ ਕਿਉਂ ਲਾਲ ਪੀਲੇ ਹੋਣੇ ਹਾਂ ?

ਅਖਬਾਰ ਵਾਲਾ : ਏਸ ਲਈ ਕਿਉਂਕਿ ਇਹ ਵੀ ਫਿਰਕੂ ਏ, ਤੂੰ ਵੀ ਫਿਰਕੂ ਏ, ਤੁਹਾਡੀ ਸੋਚ ਤੇ ਕਰਫੀਊ ਏ, ਇਸੇ ਲਈ ਸਾਰੇ ਵਾਤਾਵਰਨ ਵਿਚ ਕਰਫੀਊ ਏ

ਇਕੱਠੇ : ਇਹ ਕਰਫੀਊ ਕਦੋਂ ਮੁਕੇਗਾ ?

ਅਖਬਾਰ ਵਾਲਾ : ਜਦੋਂ ਇਸ ਸਮਾਜ ਦੀ ਅਸਲੀਅਤ ਪਹਿਚਾਣ ਲਵੋਗੇ

ਇਕੱਠੇ : ਇਹ ਅਸਲੀਅਤ ਕੀ ਏ ?

ਅਖਬਾਰ ਵਾਲਾ : ਅਸਲੀਅਤ ਹੈ ਕਿ ਇਸ ਦੇਸ਼ ਵਿਚ ਐਸਾ ਨਿਜ਼ਾਮ ਚਲ ਰਿਹਾ ਹੈ, ਜਿਸਦਾ ਸਾਰਾ ਆਧਾਰ ਪੈਸਾ ਹੈ ਤੇ ਪੈਸਾ ਲੋਕਾਂ ਨੂੰ ਨਚਾਂਦਾ ਹੈ।

ਇਕੱਠੇ : ਪੈਸਾ ?

ਅਖਬਾਰ ਵਾਲਾ : ਹਾਂ ਜਿਸ ਕੋਲ ਪੈਸਾ ਹੈ, ਉਹ ਜ਼ਿੰਦਗੀ ਦਾ ਬਾਦਸ਼ਾਹ ਹੈ। ਸਰਕਾਰ, ਇਨਸਾਫ, ਕਨੂੰਨ ਸਾਰੇ ਪੈਸੇ ਦੇ ਆਲੇ ਦੁਆਲੇ ਘੁੰਮਦੇ ਹਨ, ਤੁਹਾਡੇ ਕੋਲ ਪੈਸਾ ਨਹੀਂ, ਇਸੇ ਕਰਕੇ ਤੁਸੀਂ ਦੁੱਖ ਦੀ ਜ਼ਿੰਦਗੀ ਭੋਗ ਰਹੇ ਹੋ

ਇਕੱਠੇ : ਇਹ ਨਿਜ਼ਾਮ ਕਦੋਂ ਬਦਲੇਗਾ ?

ਅਖਬਾਰ ਵਾਲਾ : ਜਦੋਂ ਤੁਸੀਂ ਇਕੱਠੇ ਹੋਵੋਗੇ। ਪਰ ਜੋ ਉਤੇ ਇਕੱਠੇ ਨੇ ਉਹ ਤੁਹਾਨੂੰ ਇਕੱਠੇ ਹੋਣ ਨਹੀਂ ਦੇਣ ਲਗੇ। ਇਸੇ ਲਈ ਇਹ ਅਖਬਾਰਾਂ ਨਫਰਤ

ਉਗਲਦੀਆਂ ਨੇ ਤੇ ਤੁਸੀਂ ਇਕ ਦੂਜੇ ਦੇ ਵਿਰਧ ਮੁਕੇ ਚੁਕਦੇ ਹੋ–ਕੋਠਿਆਂ ਤੇ ਇਟਾਂ ਵੱਟੇ ਤੇ ਸੋਡੇ ਦੀਆਂ ਬੋਤਲਾਂ ਜਮਾਂ ਕਰਦੇ ਹੋ ਸਮਾਂ ਆਇਆ ਹੈ, ਤੁਸੀਂ ਅਸਲੀਅਤ ਸਮਝੋ।

ਲਹੂ ਦੀ ਕਥਾ ਨਾ ਕਰੋ
ਕੋਈ ਤਾਂ ਮੁਹੱਬਤ ਦੀ ਬਾਤ ਪਾਓ
ਕੋਈ ਤਾਂ ਦਸਤੀ ਦੀ ਦਾਸਤਾਨ ਸੁਣਾਓ
ਸੜਕਾਂ ਤੇ ਮਸੂਮ ਖ਼ੂਨ ਦੇ ਛਿੱਟਿਆਂ ਨਾਲ
ਲਿਖੋ ਨਾ ਇਤਿਹਾਸ
ਕੋਈ ਤਾਂ ਮੁਹੱਬਤ ਦੀ ਬਾਤ ਪਾਓ
ਕੋਈ ਤਾਂ ਦੋਸਤੀ ਦੀ ਦਾਸਤਾਨ ਸੁਣਾਓ
ਬਹੁਤ ਹੋ ਚੁਕੀ ਇਹ ਖੰਜਰਾਂ ਦੀ ਕਥਾ
ਕੋਈ ਤਾਂ ਮੁਹੱਬਤ ਦੀ ਬਾਤ ਪਾਓ
ਕੋਈ ਤਾਂ ਦੋਸਤੀ ਦੀ ਦਾਸਤਾਨ ਸੁਣਾਓ

(ਨੋਟ · ਇਹ ਲਾਈਨਾਂ ਸੁਖਚੈਨ ਮਿਸਤਰੀ ਦੀ ਇਕ ਕਵਿਤਾ ਵਿਚੋਂ ਹਨ)

ਅਖਬਾਰ ਲੈ ਲਵੋ–ਮੁਹੱਬਤ ਦੀ ਬਾਤ ਪਾ ਲਵੋ–ਦੋਸਤੀ ਦੀ ਦਾਸਤਾਨ ਸੁਣ ਲਵੋ–ਅਖਬਾਰ ਲੈ ਲਵੋ।
(ਜਾਂਦਾ ਹੈ)

ਹਿੰਦੂ ਤੇ ਸਿਖ ਇਕੱਠੇ: (ਇਕ ਦੂਜੇ ਵਲ ਵੇਖਕੇ) ਬਾਬਾ ਗਲਾਂ ਕੁਝ ਕੁਝ ਸੱਚੀਆਂ ਕਰ ਗਿਆ। (ਫਿਰ ਆਪੇ ਹੀ) ਕੁਝ ਕੁਝ ਨਹੀਂ ਸਾਰੀਆਂ ਹੀ ਸੱਚੀਆਂ ਕਰ ਗਿਆ ਹੈ

ਸਿਖ : ਕੀ ਅਸੀਂ ਆਪਸ ਵਿਚ ਲੜੇ ਨਹੀਂ

ਹਿੰਦੂ : ਨਹੀਂ

ਸਿਖ : ਫੇਰ ਉਹ ਸੀ. ਆਈ. ਡੀ ਦੀਆਂ ਖਬਰਾਂ ?

ਹਿੰਦੂ : ਉਹ ਗਲਤ ਸਨ

ਸਿਖ : ਤੇ ਉਹ ਲਕੀਰ ?

ਹਿੰਦੂ ਉਹ ਮਿਟਾਈ ਜਾ ਸਕਦੀ ਏ

(ਪੰਜਾਬ ਪੁਲਸ ਵਾਲਾ ਅਤੇ ਸੀ. ਆਰ. ਪੀ ਵਾਲੇ ਵੱਖ ਵੱਖ ਪਾਸੇ ਤੋਂ ਆਂਦੇ ਹਨ)

ਸੀ. ਆਰ. ਪੀ : ਲਾਲਾ ਜੀ (ਬੁਲਾਂ ਤੇ ਜ਼ਬਾਨ ਫੇਰਕੇ) ਪਿਆਸ ਲਗੀ ਹੈ

ਹਿੰਦੂ : ਹੌਲਦਾਰ ਜੀ, ਸਾਹਮਣੇ ਨਲਕਾ ਚਲ ਰਹਾ ਹੈ

ਪੰਜਾਬ ਪੁਲਸ : ਸਰਦਾਰ ਜੀ ਤਰੇਹ ਲਗੀ ਏ–

ਸਿਖ : ਹੌਲਦਾਰ ਜੀ, ਸਾਹਮਣੇ ਨਲਕਾ ਚਲ ਰਿਹਾ ਏ

(ਸੀ. ਆਰ. ਪੀ ਅਤੇ ਪੰਜਾਬ ਪੁਲਸ ਵਾਲੇ ਸਿਪਾਹੀ ਦੋਨੋ ਇਕ ਦੂਜੇ ਵਲ ਵੇਖਦੇ ਹਨ ਉਹਨਾਂ ਦੇ ਚਿਹਰਿਆ ਦੇ ਪ੍ਰਭਾਵ ਇਹੋ ਜਿਹੇ ਹਨ ਕਿ 'ਇਹ ਕੀ ਹੋ ਗਿਆ ?)

ਪਿੱਛੋਂ ਆਵਾਜ਼ : ਹਾਲਾਤ ਹੁਣ ਸੁੱਧਰ ਗਏ ਹਨ। ਇਸ ਲਈ ਸ਼ਹਿਰ ਵਿਚੋਂ ਕਰਫੀਊ ਖਤਮ ਕਰ ਦਿਤਾ ਗਿਆ ਹੈ।

ਮੰਚ ਤੇ ਚਾਰੇ ਪਾਤਰ ਇਕ ਦੂਜੇ ਵਲ ਵਾਰੀ ਵਾਰੀ ਸੰਬੋਧਨ ਹੋਕੇ ਦੁਹਰਾਂਦੇ ਹਨ 'ਕਰਫੀਊ ਖਤਮ ਕਰ ਦਿਤਾ ਗਿਆ ਹੈ, ਸੰਗੀਤ ਦੀ ਤਾਲ ਤੇ ਹੀ ਪਹਿਲੇ ਵਾਂਗ ਇਕ ਕੋਰਸ ਗਾਇਆ ਜਾਂਦਾ ਹੈ–

ਰਾਤ ਮੁੱਕ ਗਈ–ਹੁਣ ਨਹੀਂ ਕਰਫੀਊ
ਪਹੁ ਫੁਟਾਲਾ ਹੋਇਆ–ਹੁਣ ਨਹੀਂ ਕਰਫੀਊ
ਹੱਥ ਨਾਲ ਹੱਥ ਮਿਲਾਈਏ–ਹੁਣ ਨਹੀਂ ਕਰਫੀਊ
ਮੁਹੱਬਤ ਦੀ ਬਾਤ ਪਾਈਏ–ਹੁਣ ਨਹੀਂ ਕਰਫੀਊ
ਦੋਸਤੀ ਦੀ ਦਾਸਤਾਨ ਸੁਣਾਈਏ–ਹੁਣ ਨਹੀਂ ਕਰਫੀਓ
ਹੁਣ ਨਹੀਂ ਕਰਫੀਊ–
ਹੁਣ ਨਹੀਂ ਕਰਫੀਊ–ਹੁਣ ਨਹੀਂ ਕਰਫੀਊ......

(ਨਾਟਕ ਖਤਮ ਹੁੰਦਾ) ਹੈ

o

## ਪਲਸ ਮੰਚ ਵਲੋਂ ਭਦੌੜ ਵਿਚ ਨਾਟਕ--ਵਰਕਸ਼ਾਪ

ਇਸ ਵਰਕਸ਼ਾਪ ਵਿਚ ਜੋ ਕੁਲ ਮਿਲਾਕੇ 13 ਦਿਨ ਚਲੀ, ਲੋਕ ਸੰਗੀਤ ਮੰਡਲੀ ਭਦੌੜ ਅਤੇ ਲੋਕ ਕਲਾ ਮੰਚ ਮਾਛੀਵਾੜਾ ਨੇ ਹਿੱਸਾ ਲਿਆ। ਵਰਕਸ਼ਾਪ ਵਿਚ ਨਾਟਕ ਅਤੇ ਐਕਸ਼ਨ ਗੀਤ ਤਿਆਰ ਕੀਤੇ ਗਏ। ਅੰਮ੍ਰਿਤਸਰ ਨਾਟਕ ਕਲਾ ਕੇਂਦਰ ਦੇ ਕਲਾਕਾਰ ਕੇਵਲ ਧਾਲੀਵਾਲ ਨੇ ਇਸ ਵਰਕਸ਼ਾਪ ਵਿਚ ਇਕ ਹਿਦੈਤਕਾਰ ਦੇ ਤੌਰ ਤੇ ਹਿੱਸਾ ਲਿਆ। ਲੋਕ ਸੰਗੀਤ ਮੰਡਲੀ ਭਦੌੜ ਨੇ ਦੋ ਐਕਸ਼ਨ ਗੀਤ ਇਕ ਵਰਕਸ਼ਾਪ ਵਿਚ ਤਿਆਰ ਕੀਤੇ (1) ਅਸੀਂ ਜਾਣਦੇ ਹਾਂ ਮੰਜ਼ਿਲਾਂ ਨੂੰ ਪਾਉਣਾ ਹਿਕਾਂ ਵਿਚ ਖਾ ਗੋਲੀਆਂ (2) ਉੱਠ ਕਿਰਤੀਆ, ਉੱਠ ਕਿਸਾਨਾ, ਹੱਕ ਅਪਣੇ ਦੀ ਕਰ ਪਹਿਚਾਣ। ਇਸ ਨਾਟਕ ਮੰਡਲੀ ਕੋਲੋਂ ਨਾਟਕ 'ਪੰਘੂੜਾ' ਹੀ ਤਿਆਰ ਕਰਵਾਇਆ ਗਿਆ। ਲੋਕ ਕਲਾ ਮੰਚ ਮਾਛੀਵਾੜਾ ਦੇ ਕਲਾਕਾਰਾਂ ਨੇ ਨਾਟਕ 'ਰਾਤ ਦੇ ਹਨੇਰੇ ਵਿਚ' ਅਤੇ 'ਵਿਹੜੇ ਵਾਲੇ ਖੇਤਾਂ ਵਾਲੇ' ਤਿਆਰ ਕੀਤੇ। ਭਦੌੜ ਦੇ ਸਕੂਲ ਵਿਚ ਇਹ ਵਰਕਸ਼ਾਪ ਲਗਾਈ ਗਈ। ਕਲਾਕਾਰਾਂ ਨੇ ਆਪ ਹੀ ਮਿਲਕੇ ਕਿਚਨ ਦਾ ਸਾਰਾ ਕੰਮ ਸਾਂਭਿਆ। ਸਵੇਰੇ 8 ਵਜੇ ਤੋਂ ਵਰਕਸ਼ਾਪ ਦਾ ਕੰਮ ਸ਼ੁਰੂ ਕੀਤਾ ਜਾਂਦਾ ਅਤੇ ਰਾਤ ਦੇਰ ਤਕ ਕਲਾਕਾਰ ਵੱਖ ਵੱਖ ਨਾਟਕਾਂ ਨੂੰ ਤਿਆਰ ਕਰਨ ਵਿਚ ਮੇਹਨਤ ਕਰਦੇ। ਅਗਸਤ ਦੇ ਮਹੀਨੇ ਵਿਚ ਹੋਰਨਾਂ ਥਾਂਵਾਂ ਤੇ ਵਰਕਸ਼ਾਪ ਲਗਾਉਣ ਦਾ ਕੰਮ ਜਾਰੀ ਰਖਿਆ ਜਾਵੇਗਾ। ਤਾਂ ਜੋ 13 ਸਤੰਬਰ ਪੰਜਾਬੀ ਭਵਨ ਲੁਧਿਆਣਾ ਵਿਚ ਪਲਸ ਮੰਚ ਵਲੋਂ ਜਿਹੜਾ ਨਾਟਕਾਂ ਦਾ ਸਮਾਗਮ ਹੋਵੇ, ਉਥੇ ਹਰ ਟੀਮ ਵਲੋਂ ਪੂਰੀ ਤਿਆਰੀ ਨਾਲ ਨਾਟਕ ਪੇਸ਼ ਕੀਤੇ ਜਾਣ, ਜੋ ਕਲਾ ਦੇ ਪੱਖ ਤੋਂ ਉੱਤਮ ਨਾਟ-ਕਲਾ ਦੇ ਨਮੂਨੇ ਹੋਣ

ਗੁਰਸ਼ਰਨ ਸਿੰਘ, ਪ੍ਰਧਾਨ ਪਲਸ ਮੰਚ

## ਸਿਆਹ-ਦੌਰ ਦੀ ਕਵਿਤਾ–
## ਇਕ ਚਿੱਠੀ ਅਮਰਜੀਤ ਚੰਦਨ ਦੀ ਲੰਡਨ ਤੋਂ ਅਤੇ ਉਹਦੇ ਤਿੰਨ ਕਿਤਾਬਾਂ ਬਾਰੇ ਵਿਚਾਰ

ਪਿਆਰੇ ਭਾ ਜੀ,

ਅੱਜ ਸਮਤਾ ਮਿਲਿਆ, ਮੇਰਾ ਪਹਿਲਾ ਖ਼ਤ ਤੁਹਾਨੂੰ ਮਿਲ ਚੁੱਕਾ ਹੋਏਗਾ। ਉਸ ਵਿਚ ਕਵਿਤਾ ਬਾਰੇ ਲੇਖ ਸੀ। ਸਮਤਾ ਵਾਸਤੇ ਤਿੰਨ ਕਿਤਾਬਾਂ ਦੇ ਰੀਵੀਊ ਭੇਜ ਰਿਹਾ। ਹੋਰ ਲੇਖ ਵੀ ਹਨ। ਇਕ-ਇਕ ਕਰਕੇ ਛਾਪ ਲੈਣੇ ਜਾਂ ਸਰਦਲ ਨੂੰ ਭੇਜ ਦੇਣੇ। ਪਰ ਪਤਾ ਨਹੀਂ ਕਿ ਉਹ Controversial ਹੋਣਾ ਚਾਹੁੰਦੇ ਹਨ ਜਾਂ ਨਹੀਂ। ਪਰ ਜਿਸ ਤਰ੍ਹਾਂ ਦੀ ਕੱਟੜਪ੍ਰਸਤੀ (ਖ਼ਾਸਕਰ ਸਾਹਿਤ ਤੇ ਕਲਾ ਦੇ ਮਸਲਿਆਂ ਬਾਰੇ) ਮਾਓਵਾਦੀ ਗਰੁੱਪਾਂ ਵਿਚ ਹੈ, ਮੇਰਾ ਖ਼ਿਆਲ ਨਹੀਂ ਕਿ ਲੀਹ ਤੋਂ ਹਟਵੇਂ ਵਿਚਾਰ ਬਰਦਾਸ਼ਤ ਕਰਨਗੇ।

ਐਤਕੀਂ ਦੇ ਸਮਤਾ ਵਿਚ ਬੜੀ ਦਿਲਚਸਪ ਗਲ ਪੜ੍ਹੀ ਕਿ ਆਂਧਰਾਂ ਦੇ ਮਾਓਵਾਦੀ 'ਕਾਮਰੇਡ ਭਿੰਡਰਾਂਵਾਲੇ ਨੂੰ ਲਾਲ ਸਲਾਮ' ਕਹਿੰਦੇ ਰਹੇ ਹਨ!

ਤੁਸੀਂ ਆਪਣੇ ਲੇਖ 'ਚ ਜ਼ਿਕਰ ਕੀਤਾ ਹੈ ਕਿ ਪੰਜਾਬ ਦੋ ਮਹਾਂਸ਼ਕਤੀਆਂ ਦੇ ਭੇੜ ਦਾ ਅਖਾੜਾ ਬਣਿਆ ਹੋਇਆ ਹੈ। ਤੁਸੀਂ ਇਸ ਤੋਂ ਜ਼ਿਆਦਾ ਗਲ ਨਹੀਂ ਕੀਤੀ। ਪਰ ਏਸ ਪਿੱਛੇ ਮਾਓਵਾਦੀ ਦਲੀਲ ਹੈ ਜੋ ਸੋਵੀਅਤ ਯੂਨੀਅਨ ਨੂੰ ਨੰਬਰ ਇਕ ਦੁਸ਼ਮਣ ਗਰਦਾਨਦੀ ਹੈ। ਮਾਓਵਾਦੀ ਅਫ਼ਗਾਨਿਸਤਾਨ 'ਚ ਅਮਰੀਕਾ ਨੂੰ ਵਾੜਨਾ ਚਾਹੁੰਦੇ ਹਨ; ਜੋ ਚਾਹੁੰਦੇ ਹਨ ਕਿ ਅੰਗੋਲਾ ਵਿਚ ਸਾਊਥ ਅਫ਼ਰੀਕਾ ਦਾ ਚਾਟੜਾ ਸਾਵਿੰਬੀ ਰਾਜ ਭਾਗ ਸਾਂਭ ਲਏ। ਦੁਨੀਆਂ ਹਮੇਸ਼ਾਂ ਦੋ ਸ਼ਕਤੀਆਂ (ਜ਼ਾਲਮ ਤੇ ਮਜ਼ਲੂਮ) 'ਚ ਵੰਡੀ ਰਹੀ ਹੈ ਤੇ ਹੁਣ ਵੀ ਵੰਡੀ ਹੋਈ ਹੈ। ਸੁਰਖ਼ ਰੇਖਾ ਵਾਲੇ ਤਾਂ ਦੋ ਦੂਣੀ ਚਾਰ ਕਰਕੇ ਬਾਦਲ ਧੜੇ ਨੂੰ ਰੂਸੀ ਲੌਬੀ ਦੱਸਦੇ ਹਨ ਤੇ ਭਿੰਡਰਾਂਵਾਲੇ ਨੂੰ ਮਿਰਕਣ ਲੌਬੀ। ਸਿਆਸਤ ਦਾ ਇਹ ਅਤਸਰਲੀਕਰਨ ਸਾਡਾ ਪਹਿਲਾਂ ਹੀ ਬਹੁਤ ਘਾਣ ਕਰ ਚੁੱਕਾ ਹੈ। ਸੋਵੀਅਤ ਸਿਸਟਮ ਦੀਆਂ ਅਨੇਕਾਂ ਖ਼ਾਮੀਆਂ ਹਨ, ਪਰ ਉਹਨੂੰ ਸਿਧਾਂਤਕ ਪੱਧਰ 'ਤੇ ਸਿਝਣਾ ਚਾਹੀਦਾ ਹੈ। ਤੁਹਾਡਾ ਬਹੁਤਾ ਆਧਾਰ ਮਾਓਵਾਦੀਆਂ ਵਿਚ ਹੈ। ਇਨ੍ਹਾਂ ਨੂੰ ਪੁੱਛੋ ਕਿ ਪੰਜਾਬ ਵਿਚ ਜਾਗੀਰਦਾਰੀ ਕਿਥੇ ਹੈ? ਪੰਜਾਬ ਵਿਚ ਇਨ੍ਹਾਂ ਦਾ ਦੁਸ਼ਮਣ ਕੌਣ ਹੈ? ਇਹ ਸਵਾਲ ਕਰਨ ਜੋਗੇ ਅਸੀਂ 20 ਸਾਲਾਂ 'ਚ ਹੋਏ ਹਾਂ। ਹੋਰ ਕਿੰਨਾ ਵਕਤ ਬਰਬਾਦ ਕਰਨਾ ਹੈ?

ਸੁਰਜੀਤ ਹਾਂਸ ਦੀ ਕਿਤਾਬ 'ਸਿੱਖ ਕੀ ਕਰਨ' ਪੜ੍ਹ ਕੇ ਮੈਂ ਇਹਨੂੰ ਖ਼ਤ ਲਿਖਿਆ ਹੈ ਕਿ ਸਾਨੂੰ ਸਿੱਖਾਂ ਦਾ ਫ਼ਿਕਰ ਕਰਨ ਦੀ ਥਾਂ ਇਹ ਚਿੰਤਾ ਕਰਨੀ ਚਾਹੀਦੀ ਹੈ ਕਿ 'ਅਸੀਂ' ਕੀ ਕਰੀਏ'।

ਤੁਹਾਡਾ ਅਮਰਜੀਤ

---

**ਕਵਿਤਾ ਪੰਜਾਬ** – ਸੰਪਾਦਕ ਪ੍ਰਮਿੰਦਰਜੀਤ, ਬਲਰਾਜ ਸਾਹਨੀ ਪ੍ਰਕਾਸ਼ਨ ਅੰਮ੍ਰਿਤਸਰ 1986

**ਜੰਗਲ ਦੇ ਵਿਰੁੱਧ** – ਸੰਪਾਦਕ ਸਾਧੂ ਸੁਖਪਾਲ ਪਲਸ, ਅੰਮ੍ਰਿਤਸਰ 1986

**ਲੋਕ ਸੱਥ** – ਸੰਪਾਦਕ ਸੁਖਦੇਵ ਸਿਧੂ ਲੋਕ ਸੱਥ ਬਰਤਾਨੀਆ, ਬਲਰਾਜ ਸਾਹਨੀ ਪ੍ਰਕਾਸ਼ਨ 1986

ਸਾਡੇ ਪੰਜਾਬ ਦੀ ਧਰਤੀ ਉਤੇ ਬਹੁਤ ਵੱਡੇ ਵੱਡੇ ਹਾਦਸੇ ਤੇ ਦੁਖਾਂਤ ਵਾਪਰਦੇ ਰਹੇ ਹਨ, ਇਹਨਾਂ ਹਾਦਸਿਆਂ ਦਾ ਇਜ਼ਹਾਰ ਖ਼ਾਸ ਕਰ ਕਵਿਤਾ ਵਿਚ ਵੀ ਹੁੰਦਾ ਰਿਹਾ ਹੈ। ਪਹਿਲਾਂ ਅਜ਼ੀਮ ਸ਼ਾਇਰਾਨਾ ਇਜ਼ਹਾਰ ਬਾਬੇ ਨਾਨਕ ਦੀ ਕਵਿਤਾ ਵਿਚ ਮਿਲਦਾ ਹੈ। ਇਸ ਤੋਂ ਬਾਅਦ ਸ਼ਾਹ ਮੁਹੰਮਦ ਦੀ ਕਵਿਤਾ ਵਿਚ, ਜਦ ਅੰਗਰੇਜ਼ਾਂ ਨੇ ਪੰਜਾਬ ਉੱਤੇ ਕਬਜ਼ਾ ਕਰ ਲਿਆ ਸੀ ਅਤੇ ਫੇਰ ਸੰਨ ਸੰਤਾਲੀ ਜਦ ਅੰਗਰੇਜ਼ਾਂ ਨੇ ਪੰਜਾਬ ਨੂੰ ਵੰਡ ਦਿਤਾ ਤਾਂ ਅੰਮ੍ਰਿਤਾ ਪ੍ਰੀਤਮ ਨੇ ਆਪਣੀ ਅਮਰ ਕਵਿਤਾ ਲਿਖੀ ਸੀ। ਮੈਂ ਪਿਛਲੇ ਕੁਝ ਦਿਨਾਂ ਤੋਂ ਸੰਨ 84 ਦੇ ਪੰਜਾਬ ਬਾਰੇ ਛਪ ਰਹੇ ਸਾਹਿਤ ਬਾਰੇ ਸੋਚਦਿਆਂ ਇਹ ਸਵਾਲ ਨਾਲ ਘੌਲਦਾ ਰਿਹਾ ਹਾਂ ਕਿ ਸੰਨ 84 ਬਾਰੇ ਨਾਨਕ, ਸ਼ਾਹ ਮੁਹੰਮਦ ਤੇ ਅੰਮ੍ਰਿਤਾ ਪ੍ਰੀਤਮ ਦੇ ਮਿਆਰ ਦੀ ਕਵਿਤਾ ਕਿਉਂ ਨਹੀਂ ਲਿਖੀ ਗਈ? ਕੀ ਜੋ ਕੁਝ ਹੁਣ ਪੂਰਬੀ ਪੰਜਾਬ ਵਿਚ ਹੋ ਰਿਹਾ ਹੈ, ਉਹਦੇ ਦੁਖਾਂਤ ਦੀ ਸ਼ਿੱਦਤ ਪੰਜਾਬ ਨਾਲ ਪੰਦਰਵੀਂ, ਅਠਾਰ੍ਹਵੀਂ ਤੇ ਵੀਹਵੀਂ ਸਦੀ ਦੇ ਸੰਨ 47 ਵਿਚ ਵਾਪਰ ਦੁਖਾਂਤਾਂ ਨਾਲੋਂ ਘਟ ਹੈ? ਸ਼ਾਇਦ ਹਾਂ। ਕਿਉਂਕਿ ਪਹਿਲੇ ਦੁਖਾਂਤਾਂ ਨੂੰ ਪੰਜਾਬੀ ਕੌਮ ਦਾ ਸਾਰੀ ਲੋਕਾਈ ਨੇ ਆਪਣੇ ਹੱਡਾਂ ਤੇ ਝੱਲਿਆ ਸੀ। ਉਸ ਪ੍ਰਤੀ–ਰੋਧ ਦਾ ਆਸ਼ਾ ਕੌਮੀ ਸੀ, ਨਾ ਕਿ ਸੌੜਾ ਮਜ਼ਹਬੀ ਤੇ ਫ਼ਿਰਕਾਦਾਰਾਨਾ। ਸੰਨ 84 ਦਾ ਵਰਤਾਰਾ ਸੂਝ ਦੀ ਪੱਧਰ ਤੇ ਬੜੀ ਸੌਖੀ ਤਰ੍ਹਾਂ ਆਉਂਦਾ ਹੈ। ਪਰ ਸਿੱਖ ਪਿਛੋਕੜ ਵਾਲੇ ਕੁਝ ਲੋਕਾਂ ਨੇ ਇਸ ਨੂੰ ਜਜ਼ਬਾਤੀ ਪੱਧਰ ਤੇ ਜਾਣ ਬੁਝ ਕੇ ਤੇ ਅਗਿਆਨਤਾ ਦੇ ਵਸ ਉਲਝਾਉਣ ਤੇ ਪੇਚੀਦਾ ਬਣਾਉਣ ਦੀ ਕੋਸ਼ਿਸ਼ ਕੀਤੀ ਹੈ। ਇਹਨਾਂ ਲੋਕਾਂ ਨੇ ਪਹਿਲਾਂ ਪ੍ਰਗਤੀਵਾਦ ਤੇ ਮਾਰਕਸਵਾਦ ਦੇ ਮੁਖੌਟੇ ਪਾਏ

ਹੋਏ ਸਨ। ਪਰ ਸੱਚੇ ਮੁੱਚੇ ਜਜ਼ਬਾਤ ਤੇ ਸੂਝ ਵੀ ਹਾਲ ਬਿਗੜੀ ਹੋਈ ਹੈ।

ਇਕ ਸਾਲ ਦੇ ਅਰਸੇ ਵਿਚ ਪੂਰਬੀ ਪੰਜਾਬ ਵਿਚ ਸੰਨ 84 ਦੇ ਹਾਦਸੇ ਬਾਰੇ ਇਕ ਦਰਜਨ ਤੋਂ ਵਧ ਕਵਿਤਾ ਦੀਆਂ ਕਿਤਾਬਾਂ ਛਪ ਚੁੱਕੀਆਂ ਹਨ।

ਪਹਿਲੀ ਕਿਤਾਬ 'ਕਵਿਤਾ ਪੰਜਾਬ' ਇੰਗਲੈਂਡ ਦੀ ਇਕ-ਅੱਧ ਲ਼ੁੱਚਰ ਕਲਮ ਨੂੰ ਛੱਡ ਕੇ ਬਾਕੀ ਸਾਰੇ ਕਵੀ ਪੂਰਬੀ ਪੰਜਾਬ ਜਾਂ ਦਿੱਲੀ ਵਿਚ ਰਹਿੰਦੇ ਹਨ। ਇਸ ਤੋਂ ਪਹਿਲਾਂ ਇਸ ਕਿਤਾਬ ਦੇ ਸੰਪਾਦਕ ਨੇ ਇਸੇ ਹੀ ਵਿਸ਼ੇ ਬਾਰੇ 'ਪਹੁੰਚੇ ਹਾਂ ਕਿਸ ਮੁਕਾਮ ਤੇ' ਨਾਂ ਦੀ ਕਿਤਾਬ ਗੁਰਸ਼ਰਨ ਸਿੰਘ ਨਾਲ ਮਿਲ ਕੇ ਤਿਆਰ ਕੀਤੀ ਤੇ ਛਾਪੀ ਸੀ।

'ਕਵਿਤਾ ਪੰਜਾਬ' ਵਿਚ ਕੁਝ ਸਥਾਪਤ ਕਵੀਆਂ ਦੀਆਂ ਰਚਨਾਵਾਂ ਪੜ੍ਹ ਕੇ ਕਵੀ ਦੀ ਸਮਕਾਲੀ ਹਾਲਾਤ ਤੇ ਕਵਿਤਾ ਦੀ ਤਕਨੀਕ ਵੱਲ ਪਹੁੰਚਦੇ ਬੁਨਿਆਦੀ ਸਵਾਲ ਪੈਦਾ ਹੁੰਦੇ ਹਨ। ਕਵਿਤਾ ਵਿਚ ਕੁਝ ਕਵੀ ਜਾਣ ਬੁਝ ਕੇ ਆਪਣੀ ਪ੍ਰਤਿਬੱਧਤਾ ਦੀ ਕਮਜ਼ੋਰੀ ਨੂੰ ਛੁਪਾਉਣ ਲਈ ਤੇ ਅਖੌਤੀ ਕਲਾ ਦੇ ਮੋਹ ਵਿਚ ਅਸਲੀਅਤ ਨੂੰ ਐਸਾ ਮਿਸਟੀਫਾਈ ਕਰਦੇ ਹਨ ਕਿ ਪਾਠਕ ਨੂੰ ਕੁਝ ਨਹੀਂ ਪਤਾ ਲੱਗਦਾ ਕਿ ਜਨਾਬ ਆਖ਼ਰ ਕਿਸ ਧਿਰ ਵੱਲ ਖੜ੍ਹੋ ਕੇ ਬੋਲ ਰਹੇ ਹਨ। ਉਹਨਾਂ ਦੀ ਕਵਿਤਾ ਪ੍ਰਤੀਰੋਧ ਦੀ ਕਵਿਤਾ ਨਾ ਹੋ ਕੇ ਰੁਦਨ ਵਿਰਲਾਪ ਤੇ ਚਲਿਤਰੀ ਤੀਵੀਆਂ ਦੇ ਕੀਰਨਿਆਂ ਵਾਲੀ ਕਵਿਤਾ ਬਣ ਜਾਂਦੀ ਹੈ।

ਦੂਜਾ ਸਵਾਲ ਕਵਿਤਾ ਦੀ ਤਕਨੀਕ ਤੇ ਬਿੰਬ ਵਿਧਾਨ ਬਾਰੇ ਹੈ। ਹਰ ਦੌਰ ਦੀ ਕਵਿਤਾ ਵਿਚ ਕੁਝ ਬਿੰਬ ਕਲੀਸ਼ੇ ਬਣ ਜਾਂਦੇ ਹਨ। ਜਿਵੇਂ ਸ਼ਮ੍ਹਾਂ ਗੁਲ ਬੁਲਬੁਲ ਰੁਮਾਨੀ ਦੌਰ ਦੀ ਕਵਿਤਾ ਦੇ ਕਲੀਸ਼ੇ ਹਨ, ਉਸੇ ਤਰ੍ਹਾਂ ਦਾਰੋ-ਰਸਨ, ਮਕਤਲ, ਲਹੂ, ਜ਼ਖਮ ਤਰੱਕੀ ਪਸੰਦ ਦੌਰ ਦੀ ਗ਼ਜ਼ਲਬਾਜ਼ੀ ਦੇ ਬਿੰਬ ਹਨ। ਜੰਗਲ ਦਾ ਬੁਰਾ ਹਾਲ ਤਰੱਕੀ ਪਸੰਦ ਤੇ ਮਾਡਰਨ ਸ਼ਾਇਰੀ ਵਿਚ ਬਹੁਤ ਹੋਇਆ ਹੈ। ਸੰਨ 84 ਬਾਰੇ ਲਿਖੀ ਕਵਿਤਾ ਵਿਚ ਨਵਾਂ ਕਲੀਸ਼ੇ 'ਬੱਚੇ' ਬਣ ਗਏ ਹਨ। 'ਕਵਿਤਾ ਪੰਜਾਬ' ਵਿਚ ਚਾਰ-ਪੰਜ ਕਵਿਤਾਵਾਂ ਦੇ ਸਿਰਲੇਖ ਹੀ ਕੁਝ ਇਹੋ ਜਿਹੇ ਹਨ: ਬੱਚੇ ਨਹੀਂ ਜਾਣਦੇ (ਹਲ-ਵਾਰਵੀ) ਬੱਚੇ ਬਹੁਤ ਖੁਸ਼ ਨੇ (ਰਵਿੰਦਰ), ਬੱਚੇ ਤੋਂ ਡਰਦੀ ਕਵਿਤਾ (ਚੀਦ) ਸੌਂ ਜਾ ਬੱਚਿਆ (ਅਮਨ)। ਨਵਾਂ ਕਲੀਸ਼ੇ ਵਰਤ ਕੇ ਮਾਸੂਮੀਅਤ ਨੂੰ ਜਾਹਲਪੁਣੇ, ਅਗਿਆਨਤਾ ਦੇ ਰੂਪ ਵਿਚ ਪੇਸ਼ ਕੀਤਾ ਜਾ ਰਿਹਾ ਹੈ। ਕਈ ਵਾਰ ਲੱਗਦਾ ਹੈ ਕਿ [illegible] ਕਲੀਸ਼ੇ ਨਾਸਮਝ ਲੋਕਾਂ ਲਈ ਵਰਤੇ ਗਏ ਹਨ, '[illegible]' ਦਾ ਸ਼ਊਰ ਕਿਸੇ ਜਾਹਲ ਬੰਦੇ ਨਾਲੋਂ ਕਿਤੇ [illegible] ਵਧ ਕੇ ਹੁੰਦਾ ਹੈ।

'ਕਵਿਤਾ ਪੰਜਾਬ' ਵਿਚ ਮਿੰਦਰ, ਹੁੰਦਲ, ਸਵ-ਰਾਜਬੀਰ, ਸੁਰਿੰਦਰ ਗਿੱਲ, ਸ਼ਮਸ਼ੇਰ ਸੰਧੂ, ਰਾਮੂਵਾਲੀਆ ਤੇ ਪ੍ਰਮਿੰਦਰਜੀਤ ਆਦਿ ਕਵੀਆਂ ਦੀਆਂ ਸਫਲ ਕਵਿਤਾਵਾਂ ਹਨ। ਇਨ੍ਹਾਂ ਵਿਚੋਂ ਹੁੰਦਲ ਤੇ ਸੰਧੂ ਦੀਆਂ ਕਵਿਤਾਵਾਂ ਨੇ ਮੈਨੂੰ ਖਾਸ ਤੌਰ ਟੁੰਬਿਆ ਤੇ ਮੁਤਾਸਰ ਕੀਤਾ ਹੈ।

ਹੁੰਦਲ ਆਪਣੇ ਅੰਗਸਾਕਾਂ ਦੀ ਜਨੂੰਨੀ ਅਤਰਕ-ਸ਼ੀਲਤਾ ਨੂੰ ਇੰਜ ਕੱਟਦਾ ਹੈ :—

ਕੌਣ ਸੀ ਉਹ
ਸੰਧਿਆ ਵੇਲੇ
ਸਵੇਰੇ
ਰਾਤ ਦੇ ਸਊਲੇ ਹਨੇਰੇ
ਦੀਨ ਦੀ ਰਾਖੀ ਦੇ ਨਾਂ 'ਤੇ
ਹਿਰਦਿਆਂ ਵਿਚ ਕੌੜੇ ਤੁੰਮੇ ਬੀਜਦਾ ਸੀ।
...ਕੌਣ ਸੀ ਜਿਹਨੇ ਬਹਾਨੇ
ਵੰਨ-ਸਵੰਨੇ ਪੱਜ ਪਾ ਕੇ
ਕੂੜ ਕਹਿ ਕੇ
ਮੇਰੇ ਦਿਲ ਦੇ ਸੁਹਜ-ਮੰਦਰ
ਖ਼ੂਨ ਦਾ ਸਤਲੁੱਜ ਵਗਾਇਆ?
ਕਿਸ ਦਿਆਂ ਹੱਥਾਂ ਨੇ ਵਿਹੜੇ ਆਣ ਮੇਰੇ
ਅੱਗ ਦਾ ਬੂਟਾ ਲਗਾਇਆ?

ਇਤਿਹਾਸਕ ਸ਼ਕਤੀਆਂ ਦੇ ਰੋਲ ਤੇ ਸਿਆਸਤ ਦੀ ਮਸ਼ੀਨਤਾ ਤੋਂ ਅਣਜਾਣ ਜਾਂ ਮਚਲਾ ਕਵੀ ਹੁੰਦਲ ਵਰਗੀ ਜਵਾਬ ਤਲਬੀ ਕਦੇ ਨਹੀਂ ਕਰੇਗਾ। ਭਾਵੇਂ ਹੁੰਦਲ ਦੀ ਕਵਿਤਾ ਦਾ ਵਿਅਕਤੀ "ਨੀਲੇ ਤਾਰੇ ਦੇ ਨਹਸ਼ ਪਰਛਾਵੇਂ ਕਾਰਨ ਘਰ 'ਚ ਇਕੱਲਾ ਹੀ ਰਹਿ ਗਿਆ ਹੈ", ਪਰ ਉਹਨੇ ਸੂਝ ਤੇ ਦੂਰਅੰਦੇਸ਼ੀ ਦੀ ਉਂਗਲ ਨਹੀਂ ਛੱਡੀ।

ਪ੍ਰਮਿੰਦਰਜੀਤ ਦੀ ਕਵਿਤਾ ਵਿਚ ਕੁਝ ਅਦਭੁਤ ਲਿਸ਼ਕਾਰੇ ਹਨ। ਜਿਵੇਂ ਨਜ਼ਮ ਰੂਹ ਤੱਕ/ਸੱਖਣਾ ਕਰ ਜਾਂਦੀ ਹੈ ਕਿ ਨਜ਼ਮ ਹੁਣ ਸ਼ਰੀਕ ਦੇ ਮਿਹਣੇ ਵਾਂਗ/ਕੋਲ ਤਾਂ ਆਉਂਦੀ ਹੈ/ਪਰ ਸਕੀ ਆਂਦਰ ਵਾਂਗ ਮਨ ਦੇ ਕੋਲ ਨਹੀਂ ਬਹਿੰਦੀ।

ਅੱਜ ਵਰਗੇ ਸੰਗੀਨ ਹਾਲਾਤ ਵਿਚ ਕਵਿਤਾ ਦੀ ਸਾਰਥਕਤਾ ਤੇ ਸ਼ਮਸ਼ੇਰ ਸੰਧੂ ਨੇ ਐਸਾ ਕਿੰਤੂ ਕੀਤਾ ਹੈ, ਜਿਸ ਨਾਲ ਬਹੁਤ ਸਾਰੇ ਪ੍ਰਤਿਭਾਵਾਨ ਕਵੀ ਦੋ-ਚਾਰ ਹੁੰਦੇ ਰਹੇ ਹਨ :

ਕਵੀਆ ਕਵਿਤਾ ਲਿਖ ਕੇ ਕੁਝ ਨਹੀਂ ਸੌਰੇਗਾ।
ਕੌੜ ਤੁੰਮੇ ਦੇ ਵਰਗਾ ਸੱਚ ਹਾਂ ਭੋਗ ਰਹੇ
ਜ਼ਿਹਨ 'ਚ ਵਿਰਝ੍ਹ ਕੈਂਸਰ, ਨਹੀਂ ਅਰੋਗ ਰਹੇ

ਚਿੰਨ੍ਹ ਤਸ਼ਬੀਹਾਂ ਬਿੰਬ ਅਜੇ ਬੋਲੇਰੇ ਨੇ
ਲੱਖ ਨਾਅਰੇ ਅਣਗਿਣਤ, ਮਤੇ ਵੀ ਥੋੜ੍ਹੇ ਨੇ
ਵਿਥਾਂ ਭਰਨ ਲਈ ਕਲਮ ਨੂੰ ਕਹੀ ਬਣਾ ਸਕਦੈਂ ?
ਕੀ ਗਲਤ-ਮਲਤ ਨੂੰ ਢਾਹ ਕੇ ਸਹੀ ਬਣਾ ਸਕਦੈਂ ?
ਆਪਣੇ-ਆਪ ਨੂੰ ਹਾਕ ਮਾਰ ਕੇ ਪੁੱਛ ਲਵੀਂ
ਜੇ ਨਾ ਮਿਲੇ ਹੁੰਗਾਰਾ ਫਿਰ ਤੂੰ ਚੁੱਪ ਰਵ੍ਹੀਂ
ਉਂਜ ਕਵਿਤਾ-ਕੁਵਤਾ ਲਿਖ ਕੇ, ਕੁਝ ਨਹੀਂ ਸੌਰੇਗਾ ।

ਮੈਂ ਕਦੇ ਕਵਿਤਾ ਵਿਚ ਹੀ ਕਵਿਤਾ-ਕੁਵਤਾ ਦਾ ਵਾਕੰਸ਼ ਨਹੀਂ ਪੜ੍ਹਿਆ ਸੀ । ਇਹ ਇਸ ਰਚਨਾ ਦਾ ਵਿਰੋਧਾਭਾਸ ਹੈ । ਅੱਜ ਦੇ ਹਾਲਾਤ ਵਿਚ ਇਸ ਤੋਂ ਜ਼ੋਰਦਾਰ ਵਿਅੰਗ ਹੋਰ ਕੋਈ ਨਹੀਂ ਹੋ ਸਕਦਾ ਕਿ ਕਵਿਤਾ ਦੇ ਖ਼ਿਲਾਫ਼ ਗੱਲ ਕਵੀ ਨੂੰ ਕਵਿਤਾ ਲਿਖ ਕੇ ਕਰਨੀ ਪਈ ! o

**ਜੰਗਲ ਦੇ ਵਿਰੁੱਧ**—ਕੈਨੇਡਾ ਵਿਚ ਵਸਦੇ ਸਥਾਪਤ ਦੇ ਸਿਖਾਂਦਰੂ ਪੰਜਾਬੀ ਕਵੀਆਂ ਦੀਆਂ ਪੰਜਾਬ ਦੇ ਅੱਜ ਦੇ ਹਾਲਾਤ ਬਾਰੇ ਕਵਿਤਾਵਾਂ ਹਨ । ਇਸ ਕਿਤਾਬ ਦੇ ਸ਼ੁਰੂ ਵਿਚ ਹੀ ਸੈਲਵਾਡੋਰ ਦੇ ਕਵੀ ਰੋਕ ਡਾਲਟਨ ਦੀ ਕਵਿਤਾ ਦੀਆਂ ਸਤਰਾਂ ਸਭ ਤੋਂ ਪਹਿਲਾਂ ਧਿਆਨ ਖਿਚਦੀਆਂ ਹਨ :—

ਕਵਿਤਾ
ਮੁਆਫ਼ ਕਰੀਂ
ਮੈਂ ਤੇਰੀ ਇਹ ਸਮਝਣ 'ਚ ਮਦਦ ਕੀਤੀ ਕਿ ਤੂੰ ਨਿਰੀ ਅੱਖਰਾਂ ਦੀ ਨਹੀਂ ਬਣੀ ਹੋਈ...

ਜੇ ਕਵਿਤਾ ਨਿਰੇ ਅੱਖਰਾਂ ਦੀ ਨਹੀਂ ਹੁੰਦੀ ਤਾਂ ਕੀ ਹੁੰਦੀ ਹੈ ? ਇਹ ਸਵਾਲ ਮੈਂ ਆਪਣੇ-ਆਪ ਨੂੰ ਪੁਛ ਰਿਹਾ ਹਾਂ । ਅੱਖਰ ਤਾਂ ਬੋਲੀ ਤੱਕ, ਜਜ਼ਬਿਆਂ ਤੱਕ ਪਹੁੰਚਣ ਦਾ ਵਸੀਲਾ ਹੁੰਦੇ ਹਨ । ਇਸ ਵਸੀਲੇ ਦੀ ਤਰਬੀਅਤ ਹਾਸਲ ਕਰਨੀ ਪੈਂਦੀ ਹੈ । ਇਸੇ ਲਈ ਤਾਂ ਅੱਖਰ ਹਰ ਕੋਈ ਨਹੀਂ ਉਠਾਲ ਸਕਦਾ । ਡਾਲਟਨ ਦੀ ਗੱਲ ਇਸ ਤਰ੍ਹਾਂ ਵੀ ਪੇਸ਼ ਕੀਤੀ ਜਾ ਸਕਦੀ ਹੈ ਕਿ ਕਵਿਤਾ ਨਿਰੇ ਬੋਲਾਂ ਦੀ ਵੀ ਨਹੀਂ ਬਣੀ ਹੁੰਦੀ। ਹਰ ਬੋਲ ਪਿਛੇ ਹਰ ਬੰਦੇ ਦੀ ਅ ਪਣੀ ਆਪਣੀ ਤਵਾਰੀਖ ਹੁੰਦੀ ਹੈ । ਹੋਰ ਬੋਲ ਦੀ ਧੁਨੀ ਪਿੱਛੇ ਕੋਈ ਸੰਗੀਤ ਕੁਰਖ਼ਤਗੀ ਤੇ ਹੋਰ ਭਾਵ ਹੁੰਦੇ ਹਨ । ਕਵਿਤਾ ਇਨ੍ਹਾਂ ਦਾ ਸਮੂਹਗਤ ਪ੍ਰਗਟਾਵਾ ਹੁੰਦੀ ਹੈ—ਐਸੀ ਸਿਫ਼ਨੀ, ਜਿਹਨੂੰ ਮਾਣਨ, ਸਮਝਣ ਤੇ ਜ਼ੀਰਨ ਲਈ ਉਸੇ ਤਰ੍ਹਾਂ ਦੀ ਤਰਬੀਅਤ ਹਾਸਲ ਕਰਨੀ ਹੁੰਦੀ ਹੈ, ਜਿਵੇਂ ਪਹਿਲਵਾਨੀ ਜਾਂ ਪਤੰਗ ਉਡਾਉਣ ਦਾ ਹੁਨਰ ਸਿਖੀਦਾ ਹੈ । ਹਰ ਕਿਸੇ ਦੀ ਪਹਿਲਵਾਨੀ ਜਾਂ ਪਤੰਗਬਾਜ਼ੀ ਵਿਚ ਦਿਲਚਸਪੀ ਨਹੀਂ ਹੁੰਦੀ ਤੇ ਨਾ ਹੀ ਇਹ ਖੇਡ-ਤਫ਼ਰੀਹਾਂ ਹਰ ਕਿਸੇ ਲਈ ਹੁੰਦੀਆਂ ਹਨ ।ਹਰ ਕਵਿਤਾ ਹਰ ਕਿਸੇ ਲਈ ਵੀ ਨਹੀਂ ਹੁੰਦੀ । ਮੇਰੀ ਇਹ ਗੱਲ ਖਬਰੇ ਇਸ ਕਿਤਾਬ ਦੇ ਸੰਪਾਦਕਾਂ ਨੂੰ ਪੁੱਠੀ ਲੱਗੇ, ਕਿਉਂਕਿ ਇਹਨਾਂ ਨੇ ਆਪਣੀ ਸੰਪਾਦਕੀ ਵਿਚ ਮਜ਼ਹਬੀ ਜਨੂੰਨ ਬਾਰੇ ਦਰੁਸਤ ਗੱਲਾਂ ਕਰਨ-ਦੇ ਨਾਲ ਸਾਹਿਤ ਦੀ ਸਾਰਥਕਤਾ ਬਾਰੇ ਓਹੀ ਬੋਰ ਕਰਨ ਵਾਲੀਆਂ ਗੱਲਾਂ ਦੁਹਰਾਈਆਂ ਹਨ, ਜਿਹਨਾਂ ਨੂੰ ਸੁਣ-ਸੁਣ ਕੇ ਮੇਰੇ ਤਾਂ ਕੰਨ ਪੱਕ ਚੱਲੇ ਹਨ । ਪਰ ਤਾਂ ਵੀ, ਇਸ ਕਿਤਾਬ ਵਿਚ ਅਜਮੇਰ ਰੋਡੇ, ਗੁਰਚਰਨ ਰਾਮ-ਪੁਰੀ ਦੀਆਂ ਸਾਰੀਆਂ ਕਵਿਤਾਵਾਂ ਅਤੇ ਸੁਰਿੰਦਰ ਧੰਜਲ ਦੀ ਕਵਿਤਾ "ਫ਼ਿਰਕੂ ਜਨੂੰਨ" ਮੇਰੇ ਉਪਰਲੇ ਕਥਨ ਦੀ ਸ਼ਾਹਦੀ ਭਰਦੀਆਂ ਹਨ ਕਿ ਹਰ ਕਵਿਤਾ ਹਰ ਕਿਸੇ ਲਈ ਨਹੀਂ ਹੁੰਦੀ ।

"ਮੈਂ ਅਜਮੇਰ ਦਾ "ਫ਼ੈਨ ਹਾਂ । ਅਜਮੇਰ ਖ਼ੁਦ ਸਾਇੰਸਦਾਨ ਹੈ ਤੇ ਇਹਨੇ ਸਾਇੰਸ ਯਾਨੀ ਦਲੀਲ ਤੇ ਕਵਿਤਾ ਯਾਨੀ ਜਜ਼ਬੇ ਨੂੰ ਸਾਡੇ ਅੱਜ ਦੇ ਸਮਿਆਂ ਮੁਤਾਬਕ ਏਨੀ ਸੁਚੱਜੀ ਤਰ੍ਹਾਂ ਇਕ-ਸੁਰ ਕੀਤਾ ਹੈ ਕਿ ਸਾਡੀ ਪੰਜਾਬੀ ਬੋਲੀ ਅਜਮੇਰ ਦੀ ਕਵਿਤਾ 'ਤੇ ਪੂਰਾ ਫ਼ਖਰ ਕਰ ਸਕਦੀ ਹੈ । (ਇਹਦੀਆ ਕਵਿਤਾਵਾਂ ਦੀ 1979 ਵਿਚ ਛਪੀ ਪਹਿਲੀ ਕਿਤਾਬ ਸੁਰਤੀ ਦਾ ਚਰਚਾ ਕਿਉਂ ਨਹੀਂ ਹੋਇਆ, ਜਾਂ ਇਹ ਉਨਾ 'ਮਸ਼ਹੂਰ' ਕਿਉਂ ਨਹੀਂ ਹੋਇਆ, ਇਹ ਗੱਲ ਕਰਨ ਨਾਲ ਗੱਲ ਹੋਰ ਪਾਸੇ ਚਲੀ ਜਾਏਗੀ ।)

ਆਪਣਿਆਂ ਨੂੰ ਮੁਖ਼ਾਤਬ ਅਜਮੇਰ ਦੀ ਪਹਿਲੀ ਕਵਿਤਾ ਦਾ ਨਾਂ "ਚਾਨਣ ਦੀ ਤਤੀਰੀ ਹੈ" :—

ਕੁਝ ਵੀ ਕਵਿਤਾ ਨਹੀਂ ਬਣਦਾ
ਕੁਝ ਵੀ ਗੀਤ 'ਚ ਨਹੀਂ ਢਲਦਾ
ਹੁਣੇ ਹੁਣੇ ਜੋ ਨੰਨ੍ਹੀ ਅੱਖ
ਪਹੁਫੁਟਾਲੇ ਦੇ ਰੰਗ ਵੇਖਣ ਲਈ ਖੁਲ੍ਹੀ ਹੈ
ਘੱਟੇ ਦੇ ਸੰਗ ਭਰ ਜਾਣੀ ਹੈ
ਭਰੀ-ਭਰਾਈ ਸੁਰਮੇਦਾਨੀ ਡੁਲ੍ਹ ਜਾਣੀ ਹੈ
ਮਲ-ਮਲ ਕੇ ਜੋ ਖੋਲ੍ਹੀ ਅੱਖ
ਰੜਕਾਂ ਸਹਿੰਦੀ ਕਿੰਜ ਤੱਕੇਗੀ
ਇਹ ਚਿਹਰਾ ਜੋ ਹਿੰਦੂ ਦਿਸਦੈ
ਸਿੱਖ ਜੋ ਚਿਹਰਾ ਨਜ਼ਰੀ ਪੈਂਦੈ
ਕਿੰਜ ਤੱਕੇਗੀ ਇਨ੍ਹਾਂ ਪਿੱਛੇ
ਇੱਕ ਸੁੱਚਾ ਇਨਸਾਨ ਵੀ ਰਹਿੰਦੇ ?
ਕਿਸ ਚਾਨਣ ਦੀ ਬੰਨ੍ਹ ਤਤੀਰੀ
ਅੱਖ ਚੋਂ ਰੋੜਾ ਸਾਫ਼ ਕਰੋਗੇ
ਕਿਸ ਸੋਮੇ ਚੋਂ ਬੁਕ ਭਰੋਗੇ ?...

ਇਸ ਕਵਿਤਾ ਦੀ ਸਭ ਤੋਂ ਵੱਡੀ ਖ਼ੂਬੀ ਇਹ ਹੈ ਕਿ ਇਸ ਵਿਚ/ਸੰਭਾਵਨਾ ਵਲ ਇਸ਼ਾਰਾ ਹੈ, ਉਹ ਤਾਂ ਵਾਪਰ ਚੁੱਕੀ ਹੈ । ਅਤੇ ਕਵਿਤਾ ਤੇ ਗੀਤਾਂ ਵਿਚ ਕੁਝ ਵੀ

ਨਾ ਢਲ ਸਕਣ ਦੀ ਮਜਬੂਰੀ ਵੀ ਹੱਲ ਹੋ ਗਈ ਲਗਦੀ ਹੈ। ਕਿਉਂ ਜੋ 'ਕੁਝ' ਕਵਿਤਾ ਨਹੀਂ ਸੀ ਬਣ ਰਿਹਾ ਤੇ ਜੋ 'ਕੁਝ' ਗੀਤ ਵਿਚ ਨਹੀਂ ਸੀ ਢਲ ਰਿਹਾ। ਉਹ ਕਵਿਤਾ ਤੇ ਗੀਤ ਵਿਚ ਢਲ ਕੇ ਸਾਡੇ ਸਾਹਮਣੇ ਹੈ। ਇਸ ਕਵਿਤਾ ਦਾ ਅਗਲਾ ਹਿੱਸਾ ਹੈ :—

ਭਗਵਤ ਗੀਤਾ ਅਤੇ ਗ੍ਰੰਥ
ਪੰਨਾ, ਪੰਨਾ, ਇਕ ਇਕ ਸਤਰ
ਸ਼ਬਦ ਸ਼ਬਦ ਤੇ ਇਕ ਇਕ ਅੱਖਰ
ਰੋਂਦੇ ਰੋਂਦੇ ਢਲ ਚੁੱਕੇ ਹਨ
ਥੁੱਕ ਨਾਲ ਮੇਸੇ ਹੋਰਫ਼ਾਂ ਵਾਂਗਰ
ਕਾਲਖ ਜਿਹੀ ਇਕ ਬਣ ਚੁੱਕੇ ਹਨ
ਇਸ ਕਾਲਖ 'ਚੋਂ ਬੁੱਕ ਭਰੋਗੇ ?
ਕਿਸ ਚਾਨਣ ਦੀ ਬੰਨ੍ਹ ਤਤੀਰੀ
ਅੱਖ 'ਚੋਂ ਰੇਤਾ ਸਾਫ਼ ਕਰੋਗੇ ?

ਇਸ ਸ਼ਾਹਕਾਰ ਕਵਿਤਾ ਦੇ ਪਹਿਲੇ ਹਿੱਸੇ ਵਿਚ ਆਉਣ ਵਾਲੇ ਪਲ ਦੀ ਸ਼ਾਇਰਾਨਾ ਪੇਸ਼ੀਨਗੋਈ ਹੈ, ਨਜੂਮੀਆਂ ਵਰਗੀ। ਲਗਦਾ ਹੈ ਕਿ ਜਿਵੇਂ ਕਵੀ ਇਸ ਹਾਲਤ ਵਿਚੋਂ ਪਹਿਲਾਂ ਵੀ ਲੰਘ ਚੁੱਕਾ ਹੈ। ਸੁਰਮਾ ਪਹਿਲਾਂ ਵੀ ਡੁਲ੍ਹ ਚੁੱਕਾ ਹੈ ਤੇ ਅੱਖਾਂ ਪਹਿਲਾਂ ਵੀ ਰੇਤ ਨਾਲ ਭਰ ਚੁੱਕੀਆਂ ਹਨ। ਪੰਜਾਬ ਦਾ ਸਾਰਾ ਇਤਿਹਾਸ ਅੱਖਾਂ ਦੀ ਇਸ ਰੜਕ ਨਾਲ ਭਰਿਆ ਪਿਆ ਹੈ। ਫੇਰ ਲਗਦਾ ਹੈ ਕਿ ਜਿਵੇਂ ਕਵੀ ਖ਼ੁਦ ਵੇਖ ਚੁੱਕੀ ਹੈ ਫ਼ਿਲਮ ਨੂੰ ਪਿਛਾਂਹ ਭੁਆਂ ਕੇ ਫੇਰ ਦੇਖ ਰਿਹਾ ਹੈ ਤੇ ਉਨ੍ਹਾਂ ਨੂੰ ਦਿਖਾ ਰਿਹਾ ਹੈ, ਜਿਹਨਾਂ ਇਹ ਫ਼ਿਲਮ ਪਹਿਲਾਂ ਨਹੀਂ ਦੇਖੀ। ਕਵਿਤਾ ਦੇ ਦੂਜੇ ਹਿੱਸੇ ਵਿਚ ਘਟਨਾ ਦੀ ਕਿਸੇ ਸੰਭਾਵਨਾ ਵਲ ਇਸ਼ਾਰਾ ਨਹੀਂ। ਅਫ਼ਸੋਸ ਤੇ ਪਛਤਾਵਾ ਹੈ ਕਿ ਭਗਵਤ ਗੀਤਾ ਤੇ ਗ੍ਰੰਥ ਦੇ ਸਾਰੇ ਅੱਖਰ ਰੋਂਦੇ ਰੋਂਦੇ ਢਲ ਗਏ ਹਨ ਤੇ ਹੁਣ ਨਿਰੀ ਕਾਲਖ ਜਿਹੀ ਬਚੀ ਹੋਈ ਹੈ। ਇਹ ਸਵਾਲ ਕਿ ਕੀ ਤੁਸੀਂ ਇਸ ਕਾਲਖ ਵਿਚੋਂ ਬੁਕ ਭਰੋਗੇ, ਸਭਨਾਂ ਨੂੰ ਸ਼ਰਮਸਾਰ ਕਰਨ ਵਾਲਾ ਹੈ। ਉਹਨਾਂ ਨੂੰ ਨਹੀਂ, ਜਿਹਨਾਂ ਨੇ ਗੀਤਾ ਤੇ ਗ੍ਰੰਥ ਨੂੰ ਕਾਲਖ ਬਣਾਇਆ ਹੈ, ਸਗੋਂ ਇਹ ਸਵਾਲ ਉਹਨਾਂ ਨੂੰ ਮੁਖ਼ਾਤਬ ਹੈ, ਜਿਹਨਾਂ ਸਦਕਾ ਇਹ ਹਾਦਸਾ ਟਲ ਸਕਦਾ ਸੀ। ਇਸ ਕਾਲਖ 'ਚੋਂ ਬੁਕ ਭਰੋਗੇ ? ਕਾਲਖ ਦੀ ਭਰੀ ਬੁੱਕ ਦਾ ਕੀ ਕਰੀਦਾ ਹੈ ? ਜਾਂ ਮੂੰਹ ਤੇ ਮਲੀਦੀ ਹੈ ਜਾਂ ਸਿਰ ਵਿਚ ਪਾਈਦੀ ਹੈ। ਕਵੀ ਨੇ ਸਾਰੇ ਸੁੱਚੇ ਇਨਸਾਨਾਂ ਨੂੰ ਇਸ ਮਹਾਨ ਗੁਨਾਹ ਦਾ ਭਾਗੀਦਾਰ ਬਣਾ ਦਿੱਤਾ ਹੈ। ਇਹ ਸਵਾਲ ਮੈਂ ਆਪਣੇ ਆਪ ਨੂੰ ਕਰਦਾ ਹਾਂ। ਮੈਨੂੰ ਨਮੋਸ਼ੀ ਵਿਚ ਕੁਝ ਨਹੀਂ ਸੁਝਦਾ। ਅਸੀਂ ਸਾਰੇ ਚੁੱਪ ਹਾਂ। ਅੱਖਾਂ ਵਿਚੋਂ ਰੇਤ ਸਾਫ ਕਰਨ ਲਈ ਜੋ ਚਾਨਣ ਚਾਹੀਦਾ ਹੈ, ਉਹ ਫਿਰਕਾਪ੍ਰਸਤ-ਜਨੂੰਨ ਦੇ ਸੰਘਣੇ ਬੱਦਲਾਂ ਨੇ ਢੱਕਿਆ ਹੋਇਆ ਹੈ।

ਗੁਰਚਰਨ ਰਾਮਪੁਰੀ ਸਾਥੋਂ ਪਹਿਲਾਂ ਦੀ ਪੀੜ੍ਹੀ ਦੇ ਕਵੀ ਹਨ। ਪੰਜਾਹਵਿਆਂ ਦੀ ਅਮਨ ਲਹਿਰ ਵਿਚੀਂ ਲੰਘੇ ਹੋਣ ਕਾਰਣ ਇਹਨਾਂ ਦੇ ਅੰਦਾਜ਼ ਵਿਚ ਬੜਾ ਠਰ੍ਹਮਾ ਹੈ। ਉਦੋਂ ਪੰਜਾਬੀ ਕਵਿਤਾ ਤੇ ਪਾਠਕਾਂ ਸਰੋਤਿਆਂ ਵਿੱਚਾਲੇ ਪਾੜ ਪੈਣਾ ਸ਼ੁਰੂ ਹੋਇਆ ਸੀ।

ਇਹਨਾਂ ਦੀ ਤੇ ਇਹਨਾਂ ਦੇ ਸਮਕਾਲੀਆਂ ਦੀ ਕਵਿਤਾ ਵਿਚ ਸਾਦਗੀ ਤੇ ਪੁਖ਼ਤਗੀ ਹੈ। ਰਾਮਪੁਰੀ ਦੀਆਂ ਕਵਿਤਾਵਾਂ ਦੀ ਕਿਤਾਬ 'ਕਤਲਗਾਹ' ਹੁਣੇ ਜਿਹੀ ਛਪੀ ਹੈ। 'ਜੰਗਲ ਦੇ ਵਿਰੁਧ' ਕਿਤਾਬ ਵਿਚ "ਜ਼ਹਿਰੀ ਰੁੱਖ" ਨਾਂ ਦੀ ਇਨ੍ਹਾਂ ਦੀ ਕਵਿਤਾ ਦੀਆਂ ਮੁਢਲੀਆਂ ਸਤਰਾਂ ਹਨ :—

ਜ਼ਹਿਰੀ ਦਮਗਾਜਿਆਂ ਦੇ ਰੁੱਖ ਨੂੰ
ਕਿੰਨੇ ਫਲ ਖਫਣ ਦੇ ਲੱਗੇ
ਘਰ-ਘਰ ਦੇ ਵਿਚ ਪੈਣ ਕੀਰਨੇ
ਗਲੀ-ਗਲੀ 'ਚੋਂ ਅਰਥੀ ਨਿਕਲੇ
ਹਾਕਮ ਅਤੇ ਭਗੌੜੇ ਦੇ ਵਿਚ ਸਾਂਝ ਪੁਰਾਣੀ
ਦੋਨਾਂ ਦੀ ਹੈ ਇੱਕੋ ਢਾਣੀ
ਦੋਨੋਂ ਹਨ ਸਾਂਝਾਂ ਦੇ ਵੈਰੀ
ਦੋਵੇਂ ਨਹੀਂ ਸਮੇਂ ਦੇ ਹਾਣੀ
ਹਿਟ-ਲਿਸਟਾਂ ਲਟਕਾਵਣ ਵਾਲੇ
ਆਪ ਸ਼ਿਕਾਰ ਉਨ੍ਹਾਂ ਦਾ ਹੋਏ
ਪਰ ਜੋ ਜ਼ਹਿਰ ਕਹਿਰ ਦੀ ਲਹਿਰ ਉਨ੍ਹਾਂ ਨੇ
ਸ਼ਾਂਤ ਸਰੋਵਰ ਵਿਚ ਜਗਾਈ
ਲੱਖਾਂ ਤਾਰੂ ਡੋਬ ਰਹੀ ਹੈ।...

ਲੋਕ ਸੱਥ—ਇੰਗਲੈਂਡ ਦੇ ਅਠਾਰਾਂ ਪੰਜਾਬੀ ਸ਼ਾਇਰਾਂ ਦੀਆਂ ਗ਼ਜ਼ਲਾਂ ਰੁਬਾਈਆਂ ਤੇ ਗੀਤ ਵਗ਼ੈਰਾ ਸ਼ਾਮਲ ਹਨ। ਇਸ ਵਿਚ ਅਜਮੇਰ ਕਾਵੈਂਟਰੀ ਦੀ ਕਵਿਤਾ "ਖ਼ਬਰਦਾਰ" ਫਿਰਕਾਪ੍ਰਸਤ ਕਾਤਲਾਂ ਨੂੰ ਮੁਖ਼ਾਤਬ ਹੈ। ਮੇਰੇ ਖ਼ਿਆਲ ਵਿਚ ਇਹ ਕਵਿਤਾ ਸਾਰਿਆਂ ਵਾਸਤੇ ਹੈ। ਜੇ ਇਹ ਕਵਿਤਾ ਸਟੇਜ ਤੇ ਪੜ੍ਹੀ ਜਾਏ, ਤਾਂ ਧੰਨ-ਧੰਨ ਕਰਾ ਦੇਏਗੀ। ਜੇ ਦੁਸ਼ਮਣਾਂ ਨੂੰ ਮੁਖ਼ਾਤਬ ਹੋਣ ਦੀ ਥਾਂ ਆਪ-ਣਿਆਂ ਨੂੰ ਮੁਖ਼ਾਤਬ ਹੋਇਆ ਜਾਏ ਤਾਂ ਗੱਲ ਖਬਰੇ ਵਧੇਰੇ ਵਜ਼ਨਦਾਰ ਹੋ ਸਕਦੀ ਹੈ।

ਜਿਹਨਾਂ ਤਿੰਨਾਂ ਕਿਤਾਬਾਂ ਬਾਰੇ ਮੈਂ ਆਪਣੇ ਜ਼ਾਤੀ ਖ਼ਿਆਲ ਪ੍ਰਗਟਾਏ ਹਨ, ਇਹਨਾਂ ਵਿਚ ਬਹੁਤ ਚੰਗੀਆਂ ਰਚਨਾਵਾਂ ਵੀ ਹਨ ਤੇ ਬਹੁਤ ਮਾੜੀਆਂ ਵੀ। ਪਰ ਇਸ ਖ਼ਾਮੀ ਦੇ ਬਾਵਜੂਦ ਇਹ ਸਾਡੇ ਸਮਿਆਂ ਦੀ ਸ਼ਾਇਰਾਨਾ ਵਾਕਿਆ ਨਵੀਸੀ chronicle ਹੈ। ਇਹ ਤਹਰੀਰ ਰਹੇਗੀ ਕਿ ਜਦ ਪੂਰਬੀ ਪੰਜਾਬ ਵਿਚ ਮਜ਼ਹਬੀ ਜਨੂਨ ਦੀ ਅਨ੍ਹੇਰੀ ਝੁੱਲੀ ਸੀ; ਤਾਂ ਕਈ ਲੇਖਕ ਐਸੇ ਵੀ ਸਨ, ਜੋ ਬੋਹੜ ਵਾਂਙ ਮਜ਼ਬੂਤੀ ਨਾਲ ਇਸ ਕਹਰ ਵਿਰੁਧ ਡਟ ਕੇ ਖੜੋਤੇ ਸਨ ਤੇ ਉਨ੍ਹਾਂ ਪੰਜਾਬੀ ਕਵਿਤਾ ਦੀ ਨਾਨਕ ਤੇ ਸੂਫ਼ੀ ਰਵਾਇਤ ਦੀ ਜੋਤ ਬੁਝਣ ਨਹੀਂ ਸੀ ਦਿੱਤੀ। ੦੦

ਕਵਿਤਾ

# ਸੰਗੀਨਾਂ ਉੱਠਣ ਪਰ ਕੀਹਦੇ ਵੱਲ

ਸਮਾਂ,
ਆਪਣੀ ਤੋਰ ਤੁਰਦਾ ਜਾ ਰਿਹਾ ਹੈ।
ਕਲੈਂਡਰ ਤੇ ਬੀਤਿਆ
ਇਕ ਮਹੀਨਾ—ਦੋ—ਤਿੰਨ—
ਸਾਰ ਸੰਕਲਣ
ਤਾਰੀਖਾਂ ਦਾ ਇਤਿਹਾਸ
ਅਖਬਾਰਾਂ ਦੇ ਪੰਨੇ,
ਖਬਰਾਂ ਦੀ ਲੜੀ,
ਖਬਰਾਂ
ਜੋ ਸਾਡੇ ਲਈ ਸ਼ਬਦ ਹੋ ਗਏ
ਅੱਖਰ ਹੋ ਗਏ
ਜਾਂ ਫਿਰ......?
ਜਸ਼ਨਾਂ ਵਾਲੇ ਤਿਉਹਾਰ ਗੁਜ਼ਰੇ
ਬੇਰੁੱਖੇ—ਸਹਿਮੇ—ਦਰਦਵਿੰਨੇ
ਤੇ ਹੋਰ......?
ਨਾਪਾਕ ਸੰਗੀਨਾਂ ਦਾ ਸਾਇਆ,
ਫਿਰ ਪੰਜਾਬ ਦੇ ਪਿੰਡੇ 'ਤੇ।
ਰਾਹ ਜਾਂਦੇ, ਸਫਰ ਕਰਦੇ
ਦੁਕਾਨਾਂ ਤੇ ਬੈਠੇ, ਮੁਲਾਜ਼ਮ-ਮਜ਼ਦੂਰ
ਗੋਲੀਆਂ ਦੇ ਛੱਟੇ ਦਾ ਸ਼ਿਕਾਰ
ਸੰਗੀਨਾਂ ਦਾ ਰਾਜ
ਤ੍ਰਿਸੂਲਾਂ ਦਾ ਰਾਜ
ਜਨੂੰਨੀ ਹੋਕਾਂ ਦਾ ਰਾਜ
ਇਕ ਪਾਸੇ ਜਨੂੰਨੀ ਸੰਗੀਨਾਂ
ਦੂਜੇ ਪਾਸੇ ਹਕੂਮਤੀ
ਅਸੀਂ ਕਿ ਆਦੀ ਹੋ ਗਏ
ਸੰਗੀਨਾਂ ਦੇ ਸਾਏ 'ਚ ਰਹਿਣ ਦੇ
ਅਸੀਂ ਕਿ ਆਪਣੇ ਦੇਸ਼ 'ਚ
ਬਣ ਗਏ ਪਰਾਏ
ਜੂਨ '84 'ਚ
ਨਵੰਬਰ 84 'ਚ
ਮਈ ਜੂਨ......
'86 'ਚ......!
'ਤੇ ਹੁ—ਣ—ਵੀ—ਦ—
× × ×
ਕਲੰਡਰ ਬਦਲੇ
ਤਾਰੀਖਾਂ ਬਦਲੀਆਂ

ਘਟਨਾਵਾਂ ਉਹੀ
ਖਬਰਾਂ ਉਹੀ
ਬਸ ਐਨਾ ਜ਼ਰੂਰ
ਕਿ ਹੁਣ
ਅਸੀਂ ਇਨਸਾਨ ਨਹੀਂ ਰਹੇ
ਹਿੰਦੂ ਹੋ ਗਏ
ਸਿੱਖ ਹੋ ਗਏ
ਮੁਸਲਮਾਨ ਹੋ ਗਏ
ਗੋਲੀਆਂ 'ਚ ਵਿੰਨਿਆਂ ਭਾਈਚਾਰਾ
ਲਹੂ ਲੁਹਾਣ
ਸਰਕਾਰ ਦਾ ਐਲਾਨ
ਰਾਜਸੀ ਨੇਤਾਵਾਂ ਦੇ ਫੁਰਮਾਨ
ਜ਼ਖਮਾਂ ਤੇ ਲੂਣ ਬਣ ਗਏ,
'ਸੰਤਾਂ' 'ਮਹੰਤਾਂ' ਦੇ ਬੋਲ
ਬਲਦੀ ਤੇ ਤੇਲ
ਬਲਦੀ ਤੇ ਪਾਣੀ......
ਆਖਰ ਨਫ਼ਰਤੀ ਜਨੂੰਨੀ ਜ਼ਹਿਰ
ਕੌਣ ਡੀਸੇ, ਕੌਣ ਡੀਕੇ
ਹਰ ਮੋੜ 'ਤੇ
ਹਰ ਚੌਰਾਹੇ 'ਤੇ
ਸੁਆਲ—?
ਪ੍ਰਸ਼ਨ ?
ਤੇ ਪ੍ਰਸ਼ਨਾਂ 'ਚ ਘਿਰੇ ਅਸੀਂ ਸਭ।
× × +
ਯਾਰੋ
ਖਬਰਾਂ ਅੱਖਰ ਨਹੀਂ ਹੁੰਦੀਆਂ
ਸ਼ਬਦ ਨਹੀਂ ਹੁੰਦੀਆਂ
ਇਤਿਹਾਸ ਹੁੰਦੀਆਂ ਨੇ
ਤੇ ਇਤਿਹਾਸ
ਨਫਰਤੀ ਸੰਗੀਨਾਂ ਨਾਲ ਨਹੀਂ
ਲਿਖੇ ਜਾਂਦੇ।
ਅਸੀਂ
ਹਿੰਦੂ-ਸਿੱਖ-ਮੁਸਲਮਾਨ...?
ਨਹੀਂ
ਇਨਸਾਨ ਹਾਂ।
ਸੁੱਚੀ ਕ੍ਰਿਰਤ ਕਰਨ ਵਾਲੇ
ਇਤਿਹਾਸ ਦੇ ਪੰਨੇ 'ਤੇ
ਆਉ ਨਵਾਂ ਕਾਂਡ ਲਿਖੀਏ
ਸੰਗੀਨਾਂ ਦੀਆਂ ਚਾਰਦੀਵਾਰੀਆਂ
ਭੰਨ ਸੁੱਟੀਏ
ਤੇ ਕਰਾਈਏ ਮਨੁੱਖਤਾ

ਸੰਗੀਨਾਂ-ਤ੍ਰਿਸ਼ੂਲਾਂ
ਅਤੇ ਨਫਰਤੀ ਜਨੂੰਨੀ ਹੇਕਾਂ
ਤੋਂ ਮੁਕਤ
ਸੰਗੀਨਾਂ ਦੇ ਮੂੰਹ
ਹਿੰਦੂਆਂ ਵੱਲ ਨਹੀਂ
ਸਿੱਖਾਂ ਵੱਲ ਨਹੀਂ
ਸਗੋਂ
ਨਫਰਤੀ ਜ਼ਹਿਰ ਦੇ ਵਣਜਾਰਿਆਂ
ਵੱਲ ਸੇਧਤ ਹੋਣ

ਤੇ
ਇਹ ਬੋਲ ਚੁੱਕੀਏ
ਅਸੀਂ ਕਾਤਿਲਸਤਾਨ (ਖਾਲਿਸਤਾਨ) ਨਹੀਂ
ਹਿੰਦੂ-ਸਤਾਨ ਨਹੀਂ
ਮਜ਼ਦੂਰਸਤਾਨ ਮੰਗਦੇ ਹਾਂ

'ਤੇ ਮਜ਼ਦੂਰਸਤਾਨ ਲਈ
ਸੰਗੀਨਾਂ ਚੁੱਕਣਾ
ਸਾਡਾ ਹੱਕ ਹੈ।
ਸਾਡਾ ਹੱਕ ਹੈ।
o

ਕਵਿਤਾ

## ਤੂਫ਼ਾਨ

### ਸੁਖਪਾਲ

ਇਹ ਜੋ ਤੂਫ਼ਾਨ ਆਇਆ ਹੈ
ਇਹ ਕੁਝ ਇਕ ਰੁੱਖ ਗਿਰਾ ਕੇ
ਲੰਘਣ ਵਾਲਾ ਨਹੀਂ ਹੈ।
ਇਹ ਜੋ ਤੂਫ਼ਾਨ ਆਇਆ ਹੈ
ਇਹ ਮਨੁੱਖਾਂ ਦੇ ਖ਼ੂਨ ਦਾ ਤਿਰਹਾਇਆ ਹੈ;
ਤਾਹੀਓਂ ਤਾਂ ਸਾਡੇ ਮਨਾਂ ਦਿਆਂ ਨੇਰ੍ਹਿਆਂ ਉੱਪਰ
ਕਾਠੀ ਪਾ ਕੇ ਆਇਆ ਹੈ,
ਇਹ ਤੂਫ਼ਾਨ ਜੋ ਆਇਆ ਹੈ
ਇਹ ਆ ਰਹੀ ਕਿਸੇ ਪਰਲੋ ਦਾ ਸਾਇਆ ਹੈ!

ਅੰਦਰੀਂ ਵੜ ਕੇ ਖਿੜਕੀਆਂ ਬੂਹੇ ਬੰਦ ਕਰਾਂਗੇ
ਤਾਂ ਛੱਤਾਂ ਦੇ ਭਾਰ ਥੱਲੇ ਮਰਾਂਗੇ!
ਤੂਫ਼ਾਨ ਦੇ ਸੰਗ ਵਹਾਂਗੇ
ਤਾਂ ਖ਼ੁਦਕਸ਼ੀ ਕਰਾਂਗੇ!
ਹਾਲਾਤਾਂ ਦਾ ਕਹਿਣਾ ਹੈ
ਤਰਕ ਦਾ ਸੋਚਣਾ ਹੈ
ਤੂਫ਼ਾਨ ਜੇ ਰੋਕਣਾ ਹੈ
ਤੂਫ਼ਾਨ ਬਣ ਕੇ ਹੀ ਰੋਕਣਾ ਹੈ!
ਜ਼ਿੰਦਗੀ ਦੇ ਵਾਰਸੋ ਐ ਪਵਨ ਪੁੱਤਰੋ
ਵਾ ਵਰੋਲੇ ਬਣ ਕੇ
ਤੂਫ਼ਾਨ ਦੀਆਂ ਜੜ੍ਹਾਂ ਵਿਚ ਉਤਰੋ!

ਰੱਦੋ ਬਦਲ ਹੈ ਜੋੜ ਤੋੜ ਹੈ
ਇਹ ਇਤਿਹਾਸ ਦਾ ਐਸਾ ਮੋੜ ਹੈ
ਜਿਥੇ ਕੁਝ ਵੀ ਖੜ੍ਹਾ ਨਹੀਂ
ਹਰ ਪਾਸੇ ਤੋਰ ਹੀ ਤੋਰ ਹੈ!

ਤੂਫਾਨਾਂ ਦੇ ਸੰਗ ਰੁੜ੍ਹਨਾ ਹੈ
ਜਾਂ ਖ਼ੁਦ ਤੂਫ਼ਾਨ ਬਣ ਕੇ ਤੁਰਨਾ ਹੈ
ਸਮੇਂ ਨੇ ਸੁਆਲ ਪਾਇਆ ਹੈ
ਤੁਸਾਂ ਦਾ ਫੈਸਲਾ ਸੁਣਨਾ ਹੈ!
o

## ਇਕ ਚਿੱਠੀ ਪੰਜਾਬ ਤੋਂ

### ਦੌਲਤ ਜਲੋਟਾ

ਪਿਆਰੇ ਦੋਸਤ,
ਤੇਰੇ ਕਿੰਨੇ ਖਤ ਮਿਲ ਗਏ ਨੇ
ਭਾਵੇਂ ਛੇ ਮਹੀਨਿਆਂ ਵਿੱਚ
ਮੇਰਾ ਇਹ ਪਹਿਲਾ ਖਤ ਹੈ
ਜਦੋਂ ਤੂੰ ਸ਼ਿਲੌਂਗ ਜਾ ਨੌਕਰੀ ਕਰਨ ਦਾ
ਫੈਸਲਾ ਕੀਤਾ ਸੀ
ਤੂੰ ਕਹਿੰਦਾ ਸੀ ਕਿ
ਨਵੀਂ ਨੌਕਰੀ ਵਿਚ ਵਧੇਰੇ ਤਨਖਾਹ
ਅਤੇ ਤਰੱਕੀ ਦੇ ਮੌਕੇ ਨੇ
ਪਰ ਤੇਰੀਆਂ ਚਿੱਠੀਆਂ ਵਿਚ
ਤੇਰਾ ਓਦਰਾਪਨ ਸਾਫ ਝਲਕਦਾ ਹੈ।
ਮੈਨੂੰ ਪਹਿਲੋਂ ਹੀ ਲੱਗਦਾ ਸੀ
ਕਿ ਤੂੰ ਅੱਤਵਾਦੀਆਂ ਦੇ ਅੱਤੰਕ ਤੋਂ
ਪਰੇਸ਼ਾਨ ਹੋ ਕੇ ਜਾ ਰਿਹਾ ਹੈਂ।
ਨਹੀਂ ਤਾਂ,
ਅਜੇ 82 ਵਿਚ ਤਾਂ ਤੂੰ ਆਪਣਾ
ਨਵਾਂ ਘਰ ਬਣਾਇਆ ਸੀ
ਭਰਜਾਈ ਨੇ ਖ਼ੁਸ਼ੀ ਨਾਲ
ਸਾਰੇ ਗਹਿਣੇ ਵੇਚ ਕੇ
ਤੂੰ ਬਚਤ ਸਾਰੀ ਕਢਾ ਕੇ
ਦੋਸਤਾਂ ਰਿਸ਼ਤੇਦਾਰਾਂ ਦੇ ਫੇਰੀਆਂ ਪਾ ਕੇ
ਕਿੰਨੇ ਚਾਅ ਨਾਲ ਆਪਣਾ
ਪਿਆਰਾ ਜਿਹਾ ਘਰ ਖੜਾ ਕੀਤਾ ਸੀ।

ਮੈਂ ਕੱਲ ਹੀ ਤੇਰੇ ਘਰ ਗਿਆ ਸੀ
ਵੇਹੜੇ ਵਿਚ ਬੇਤਰਤੀਬਾ ਘਾਹ ਉੱਗ ਆਇਆ ਹੈ
ਬਾਰਾਂਮਾਸੀ ਗੁਲਾਬ ਮੁਰਝਾ ਗਏ ਨੇ
ਅਮਰੂਦਾਂ ਨੂੰ ਕੋਈ ਫਲ ਨਹੀਂ ਲੱਗਿਆ
ਤੇਰੇ ਦੋਵੇਂ ਮਾਦਾ ਪਪੀਤੇ
ਸ਼ਾਇਦ ਝੱਖੜ ਨਾਲ ਡਿੱਗ ਪਏ ਸੀ
ਹਾਂ ਨਰ ਪਪੀਤਾ ਅਜੇ ਕਾਇਮ ਹੈ
ਅੰਦਰ ਕਮਰਿਆਂ ਵਿਚ
ਛਿਪਕਲੀਆਂ ਬਹੁਤ ਵਧ ਗਈਆਂ ਨੇ
ਕਿਤੇ ਕਿਤੇ ਨੂਹੇਂ ਵੀ ਨਜ਼ਰ ਆਉਂਦੇ ਹਨ
ਮਕਾਨ ਭਾਂ ਭਾਂ ਕਰਦਾ ਹੈ
ਘਰ ਤਾਂ ਘਰ ਰਿਹਾ ਹੀ ਨਹੀਂ ।
ਤੂੰ ਦੂਜੇ ਮਿੱਤਰਾਂ ਬਾਰੇ ਪੁੱਛਿਆ ਹੈ ।
ਤੇਰਾ ਕਾਮਰੇਡ ਰਮੇਸ਼
ਸਾਡੇ ਲਾਗਲੇ ਮੰਦਰ ਵਿਚ
ਹਨੂੰਮਾਨ ਜੀ ਨੂੰ ਪ੍ਰਸ਼ਾਦ ਚੜ੍ਹਾਉਣ
ਹਰ ਮੰਗਲਵਾਰ ਆਉਣ ਲੱਗ ਪਿਆ ਹੈ ।
ਅਤੇ ਤੇਰੇ ਗੁਰਪਾਲ ਬਾਈ ਨੇ
ਦਾੜੀ ਖੋਲ ਲਈ ਹੈ ਤੇ ਕੇਸਰੀ ਪਾਈ ਫਿਰਦਾ ਹੈ
ਆਪਣੇ ਗਿੱਲ ਡਾਕਟਰ ਨੇ ਮੁੜ ਕੇ
ਭਿੰਡਰਾਂਵਾਲੇ ਦਾ ਕਲੰਡਰ
ਕਲੀਨਿਕ ਦੇ ਵੇਟਿੰਗ ਰੂਮ ਵਿਚ ਟੰਗ ਦਿੱਤਾ ਹੈ
ਤੇਰੇ ਚਾਚੇ ਦਾ ਮੁੰਡਾ
ਸ਼ਹਿਰ ਦੀ ਸ਼ਿਵ ਸੈਨਾ ਦਾ ਪ੍ਰਧਾਨ ਬਣ ਗਿਆ ਹੈ
ਸਾਡੇ ਮੁਹੱਲੇ ਵਿਚ ਖਾਲਿਸਤਾਨੀ ਨਾਅਰੇ
ਮਿਟਾਉਣ ਦਾ ਹੀਆ ਅਜੇ ਕਿਸੇ ਨਹੀਂ ਕੀਤਾ ।

ਤੇਰੇ ਵਿਦਿਆਰਥੀ ਤੈਨੂੰ ਬਹੁਤ ਯਾਦ ਕਰਦੇ ਨੇ
ਸਾਡੇ ਪੜੋਸ ਵਿਚ ਰਹਿੰਦੀ ਮੋਨਾ
ਤੇਰਾ ਐਡਰੈਸ ਮੈਥੋਂ ਲੈ ਗਈ ਸੀ
ਤੇਰਾ ਚਹੇਤਾ ਜਗਜੀਤ ਸਾਂਝੀਵਾਲਤਾ ਦੇ ਗੀਤ
ਖੂਬ ਰਫਤਾਰ ਨਾਲ ਲਿਖ ਰਿਹਾ ਹੈ
ਤੇ ਡਰਾਮੇ ਵਿਚ ਕੰਮ ਕਰਨ ਵਾਲਾ ਮੁੰਡਾ ਮਹੇਸ਼
ਤਾਂ ਤੇਰੇ ਖੰਨਾ ਛੱਡ ਕੇ ਜਾਣ ਤੇ
ਮੇਰੇ ਨਾਲ ਬਹੁਤਾ ਨਾਰਾਜ਼ ਹੋ ਗਿਆ ਹੈ
ਆਖਦਾ ਹੈ ਅਸੀਂ ਤੈਨੂੰ ਰੋਕਣ ਦੀ
ਪੂਰੀ ਕੋਸ਼ਿਸ਼ ਨਹੀਂ ਕੀਤੀ ।

ਮੇਰੀ ਰਾਵੀਆ ਤੇਰੇ ਚੁਟਕਲੇ
ਸੁਣਾ ਸੁਣਾ ਸਾਨੂੰ ਰੁਆ ਦੇਂਦੀ ਹੈ
ਉਂਝ ਘਰ ਵਿਚ ਰੌਣਕ ਵਧ ਗਈ ਹੈ
ਸਾਡੇ ਪਿੰਡ ਦੇ ਰਾਮ ਮੂਰਤੀ ਪੰਡਤ ਦਾ
ਪਰਵਾਰ ਸਾਡੇ ਘਰ ਆ ਟਿਕਿਆ ਹੈ
ਬੇਜੀ ਨੇ ਬੀੜ ਵਾਲਾ ਕਮਰਾ ਖਾਲੀ ਕਰਕੇ
ਉਹਨਾਂ ਨੂੰ ਦੇ ਦਿੱਤਾ ਹੈ
ਪੰਡਤਾਂ ਦਾ ਧਰਮਸ਼ਾਲਾ ਵਿਚ ਟਿਕਣਾ
ਬੇਜੀ ਤੋਂ ਸਹਿ ਨਹੀਂ ਹੋਇਆ
ਅਤੇ ਬਾਬੇ ਦੀ ਬੀੜ ਹੁਣ
(ਤੂੰ ਹੱਸੇਂਗਾ ਤਾਂ ਸਹੀ)
ਲੈਨਿਨ ਦੀਆਂ ਕਿਤਾਬਾਂ ਨੇੜੇ ਪਈ ਹੈ

ਐਤਕੀਂ ਮੀਂਹ ਬੜੇ ਜ਼ੋਰ ਦਾ ਪੈ ਰਿਹਾ ਹੈ
ਪਰ ਗਰਮੀ ਘਟਨ ਦਾ ਨਾਂ ਨਹੀਂ ਲੈਂਦੀ
ਪਤਾ ਨਹੀਂ ਕੀ ਬਣੂੰ !

ਸ਼ੁਕਰ ਹੈ ਸ਼ਿਲੌਂਗ ਵਿਚ ਤਾਂ
ਤੱਤੀ 'ਵਾ ਨਹੀਂ ਵਗਦੀ
ਪਰ ਮੈਂ ਤੱਤੀ 'ਵਾ ਤੋਂ ਨਹੀਂ ਡਰਦਾ
ਨਾ ਹੀ ਪੰਜਾਬ ਛੱਡ ਕੇ ਜਾਵਾਂਗਾ
ਪਰ ਇੰਝ ਕਹਿਣਾ ਤੇ ਕਰਨਾ
ਸ਼ਾਇਦ ਮੇਰੇ ਲਈ ਆਸਾਨ ਹੈ
ਕਿਉਂ ਜੋ ਮੇਰੇ ਸਿਰ ਤੇ ਅਜੇ
ਮੇਰੀ ਪੱਗ ਕਾਇਮ ਹੈ
ਪਰ ਇਕ ਵਿਸ਼ਵਾਸ ਜ਼ਰੂਰ ਭੇਜਣਾ ਚਾਹਾਂਗਾ
ਕਿ ਪੰਜਾਬ ਤੈਨੂੰ ਉਡੀਕਦਾ ਰਵੇਗਾ
ਸਾਨੂੰ ਤੇਰੀ ਲੋੜ ਹੈ ਮਿੱਤਰਾ
ਅਤੇ ਤੈਨੂੰ ਸਾਡੀ ਵੀ ।

o

## ਗ਼ਜ਼ਲ

### ਦਰਸ਼ਨ ਖਟਕੜ

ਫਿਰ ਪੁਰਾਣਾ ਟਿਕ-ਟਿਕਾ ਨਾ, ਦੇਰ ਤੱਕ ਸ਼ਾਇਦ ਮਿਲੇ ।
ਨਾ ਦਿਲਾਂ ਦੇ ਜ਼ਖ਼ਮ ਘਟਦੇ, ਨਾ ਦਿਲਾਂ ਦੇ ਫ਼ਾਸਲੇ ।
ਅੱਜ ਹੋਣੀ ਦਿਲਾਂ ਦੀ ਵੀ ਵਾਂਗ ਸ਼ਹਿਰਾਂ ਹੋ ਗਈ,
ਕੀ ਪਤਾ ਕਿਸ ਮੋੜ 'ਤੇ ਕੀ ਕੀ ਜਲੂ ਕਿੱਦਾਂ ਜਲੇ ।
ਡਰ ਗਿਆ ਹੈ ਰੱਬ, ਲੱਭਦਾ ਵੀ ਨਹੀਂ 'ਘਰ' ਆਪਣੇ,
ਆਦਮੀ ਨੂੰ ਚੀਰਦੇ ਭਗਤਾਂ 'ਦੇ, ਤੱਕ ਕੇ ਹੌਸਲੇ ।
ਕੁਰਸੀਆਂ ਵਾਲੇ ਨੇ ਕਰਦੇ ਹੁਣ ਕ੍ਰਿਸ਼ਮੇ ਇਸ ਤਰ੍ਹਾਂ,
ਕਹਿਣ ਸੁਲਝਾਵਾਂਗੇ ਜੇ, ਤਾਂ ਹੋਰ ਉਲਝਣ ਮਾਮਲੇ ।
ਕਦੋਂ ਤੱਕ ਕੋਈ ਮਾਸਖੋਰਾ ਜਿੰਨ ਹੀ ਜੰਮਦਾ ਰਹੂ,
ਕਦੋਂ ਤੱਕ ਇਸ ਕੁੱਖ ਅਭਾਗੀ ਕੱਟਣੇ ਬੰਜਰ ਛਿਲੇ ।
ਕੋਈ ਲੋਹ-ਗੜ੍ਹ ਆਦਮੀ ਅੱਜ ਹੀ ਰਚੇ ਬਣਨਾ ਹੈ ਜੇ,
ਟੋਪੀਆਂ, ਪੱਗਾਂ, ਉਸਾਰੀ ਜਾਂਦੀਆਂ ਆਪਣੇ ਕਿਲੇ ।

o

## ਪਾਠਕ ਲੇਖਕ ਫੋਰਮ

### 1. ਇਕ ਚਿੱਠੀ ਡੀ. ਐਸ. 4 ਦੇ ਸਾਥੀਆਂ ਵਲੋਂ

ਭਾਜੀ ਸਤਿਕਾਰ ਸਮਤਾ ਜੂਨ 1986 'ਚ ਡੀ ਐਸ 4 ਵੱਲੋਂ ਛਪੇ ਦਸਤਾਵੇਜ਼ ਤੇ ਤੁਹਾਡੇ ਵਿਚਾਰ ਪੜ੍ਹੇ ਹਨ : ਜਿਨ੍ਹਾਂ ਬਾਰੇ ਅਸੀਂ ਸਾਥੀਆਂ ਨਾਲ ਵਿਚਾਰ ਵਟਾਂਦਰੇ ਤੋਂ ਬਾਦ ਹੇਠ ਲਿਖੇ ਵਿਚਾਰ ਭੇਜਣਾ ਚਾਹਾਂਗੇ।

1. ਤੁਸੀਂ ਸਵੀਕਾਰਿਆ ਹੈ ਕਿ ਡੀ. ਐਸ4 ਦੀ ਲਹਿਰ ਨੇ ਜ਼ੋਰਦਾਰ ਤਰੀਕੇ ਨਾਲ ਭਾਰਤ ਦੇ ਦੱਬੇ ਕੁਚਲੇ ਲੋਕਾਂ ਨੂੰ ਅਗਵਾਈ ਦਿਤੀ ਹੈ। ਇਸ ਮਾਨਤਾ ਲਈ ਧੰਨਵਾਦ। ਪਰੰਤੂ ਇਕ ਗੱਲ ਕਰਨਾਂ ਜ਼ਰੂਰੀ ਹੈ ਕਿ ਇਹ ਅਛੂਤਾ 'ਚ ਹੀ ਕਾਰਾਗਰ ਨਹੀਂ : ਇਸ ਦੇਸ਼ ਦੇ ਅਨੁ: ਜਾਤੀ ਦੇ ਲੋਕ 18 ਕਰੋੜ ਪੱਛੜੀਆਂ ਸ਼੍ਰੇਣੀਆਂ ਦੇ ਲੋਕ 52% ਜਿਨ੍ਹਾਂ ਦੀ ਕੁਲ ਜਾਤਾਂ 6000 ਹਨ (2500 + 3743) ਇਸਤੋਂ ਇਲਾਵਾ 10% ਕਿਸਾਨੀ ਛੋਟੀ ਜੋ 30% ਜ਼ਮੀਨ ਦੀ ਹੀ ਮਾਲਕ ਹੈ, (ਸਿੱਖ + ਮੁਸਲਮਾਨ + ਇਸਾਈ + ਬੋਧੀ $17\frac{1}{2}$%) ਵੀ ਇਸ ਵਿਚ ਸ਼ਾਮਲ ਹਨ। ਇਹਨਾਂ ਲੋਕਾਂ ਨੂੰ ਅਛੂਤ, ਸਛੂਤ, ਪਛੜੀਆਂ ਸ਼੍ਰੇਣੀਆਂ, ਕਿਸਾਨੀ, ਧਾਰਮਕ ਘੱਟ ਗਿਣਤੀਆਂ ਭਾਵ ਦੱਬੇ ਕੁਚਲੇ ਤੇ ਦਲਿਤ ਲੋਕਾਂ ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਭਾਰਤ ਪੱਧਰ ਤੇ ਹੀ ਇਸ ਕਿਸਮ ਦੇ ਲੋਕ ਸਾਂਝੇ ਰੂਪ ਵਿਚ ਇਸ ਲਹਿਰ ਨੂੰ ਅੱਗੇ ਵਧਾ ਰਹੇ ਹਨ।

2. ਤਾਅਨੇਬਾਜ਼ੀ ਕਮਿਊਨਿਸਟਾਂ ਨੂੰ ਸਾਡਾ ਤਾਅਨਾ ਮਾਰਨਾ ਬਣਦਾ ਹੈ ਲਗਭਗ 60 ਸਾਲਾਂ ਤੋਂ ਅਸੀਂ ਆਪਣਾ ਕਚੂੰਬਰ ਕਢਵਾ ਰਹੇ ਹਾਂ। ਪਰ ਕਿਧਰੋਂ ਵੀ ਸਾਨੂੰ ਆਸ ਨਾ ਬਣੀ। ਜੇ ਆਸ ਬਣੀ ਸੀ ਤਾਂ ਸਿਰਫ ਲਾਲ ਪਾਰਟੀ ਤੋਂ ਜੋ ਖੁਦ ਖੇਰੂੰ ਖੇਰੂੰ ਹੋ ਗਈ ਤੇ ਸਾਨੂੰ ਇਸ ਵਿਚ ਵੀ ਵਿਸ਼ਵਾਸ਼ ਕਰਨਾ ਔਖਾ ਹੋ ਗਿਆ। ਕਮਿਊਨਿਸਟ ਲਹਿਰ ਦੀ ਅਸਫਲਤਾ ਦਾ ਜ਼ਿਕਰ ਤੁਸੀਂ ਵਾਰ ਵਾਰ ਕਰਦੇ ਆ ਰਹੇ ਹੋ ਪਰ ਕਾਰਨ ? ਅਸੀਂ ਚਿੰਨ੍ਹਾਂ ਤੋਂ ਨਹੀਂ ਬੀਮਾਰੀ ਦੀ ਜੜ੍ਹ ਤੋਂ ਲੱਭਨੇ ਹਨ। ਇਸ ਲਈ ਅਸੀਂ ਮੁਕਤੀ ਦਾ ਰਾਹ ਆਪ ਲੱਭਾ ਹੈ। ਇਸ ਇਲਾਕੇ 'ਚ ਹੀ ਨਹੀਂ ਸਾਰੇ ਪੰਜਾਬ 'ਚ ਹੀ ਸੀ. ਪੀ. ਆਈ. ਤੇ ਸੀ. ਪੀ. ਐਮ ਸਾਨੂੰ ਕਾਂਗਰਸ ਦੇ ਏਜੰਟ ਆਖਦੇ ਰਹੇ ਹਨ। ਸਾਡਾ ਵਿਸ਼ਵਾਸ਼ ਹੈ ਕਿ ਜਿਵੇਂ ਨਕਸਲਬਾੜੀ ਲਹਿਰ, (ਜੋ ਮੂਲ ਰੂਪ ਵਿਚ ਨਮੋਸ਼ੂਦਰਾਂ ਦੀ ਲਹਿਰ ਸੀ ਮਲਕਤੇ ਸੰਥਾਲ ਅਛੂਤ ਇਸਦੇ ਮੋਢੀ ਸਨ) ਦੇ ਖਿਲਾਫ ਇਹਨਾਂ ਕਾਂਗਰਸ ਦਾ ਹਰ ਤਰ੍ਹਾਂ ਸਾਥ ਦਿੱਤਾ ਉਸੇ ਤਰ੍ਹਾਂ ਇਹ ਡੀ. ਐਸ. ਬਾਰੇ ਵੀ ਕਰ ਸਕਦੇ ਹਨ। ਇਸੇ ਲਈ ਤੁਹਾਡੇ ਡੀ ਐਸ4 ਦੇ ਨਿਰਨੇ ਬਾਰੇ ਅਸੀਂ ਪਹਿਲੀ ਵਾਰ ਖੁਸ਼ੀ ਅਨੁਭਵ ਕਰ ਰਹੇ ਹਾਂ ਕਿ ਲੋਕ ਹਿਤੂ ਰੁਝਾਣ ਕਿੱਥੇ ਹੈ।

3. ਜਾਤਪਾਤ ਦੇ ਵਿਤਕਰੇ ਨੂੰ ਠੀਕ ਜਾਂ ਨਾ ਠੀਕ ਮੰਨਣ ਦਾ ਨਹੀਂ ਸੁਆਲ ਹੈ ਕਿ ਬ੍ਰਾਹਮਣਵਾਦੀ ਮਨੂੰਵਾਦੀ ਢਾਂਚੇ ਨੂੰ ਚੰਗਾਂ ਤੋਂ ਲੈਣ ਦੀ ਥਾਂ ਉਸਨੂੰ ਚੁਪ ਕਰਕੇ ਜਰਨ ਦਾ ਹੈ, ਜਾਂ ਵਡਿਆਉਣ ਦਾ ਹੈ, ਜਾਂ ਫਿਰ ਜਿਵੇਂ ਕਿਵੇਂ ਨੂੰ ਜਿਉਂਣ ਦਾ ਹੈ। ਅਸੀਂ ਸਟੇਜ ਤੋਂ ਹੀ ਇਸ ਜਾਤੀ ਪ੍ਰਬੰਧ ਦਾ ਡਟਵਾਂ ਵਿਰੋਧ ਕਰਦੇ ਹਾਂ।

4. ਤੁਸੀਂ ਗੁਰੂ ਰਵਿਦਾਸ ਦੀ ਲਹਿਰ ਨੂੰ ਬਗਾਵਤ ਮੰਨ ਕੇ ਕਮਿਊਨਿਸਟ ਲਹਿਰ ਵਿਚ ਉਸਾਰੂ ਵਾਧਾ ਕੀਤਾ ਹੈ। ਧੰਨਵਾਦ।

ਸਾਡਾ ਇਹ ਆਤਮਵਿਸ਼ਵਾਸ਼ ਬੁਧ ਲਹਿਰ, ਸਿਖ ਲਹਿਰ, ਜੋਤੀਵਾ ਫੂਲੇ ਲਹਿਰ, ਪੈਰੀਅਰ ਰਾਮਾ ਸੁਆਮੀ ਲਹਿਰ, ਜਾਟਵ ਲਹਿਰ, ਈਜਵਾ ਲਹਿਰ, ਨਮੋ ਸ਼ੂਦਰਾ ਲਹਿਰ, ਆਦਿ ਕਰਨਾਟਕਾ, ਆਦਿ ਆਧਰਾਂ, ਆਦਿ ਧਰਮ ਪੰਜਾਬ 'ਚ ਅੰਬੇਡਕਰ ਲਹਿਰ ਨੇ ਬਣਾਇਆ ਹੈ।

5. ਸਾਡਾ ਚੌਥਾ ਵਿੰਗ ਬੁੱਧ ਖੋਜ ਕੇਂਦਰ ਹੈ ਕਿਉਂਕਿ ਬੁੱਧ ਧਰਮ ਬਾਰੇ ਮਾਰਕਸ ਨੇ ਕਿਹਾ ਹੈ।

If by religión is meant a system of deliverance from the ills of life, Then Budhism is the religion of religions." 'Einstein says,' if there is religion which is aceeptable to the modren scientific mind, it is Budhism.

ਕਿਉਂਕੇ ਬੁੱਧ ਦਾ ਵਿਸ਼ਵਾਸ਼ ਤਰਕ 'ਚ ਸੀ ਜਾਗਰਤੀ 'ਚ ਸੀ। ਉਹ ਨਾ ਰੱਬ, ਨਾ ਕਰਮਕਾਂਢ, ਨਾ ਬ੍ਰਾਹਮਣਵਾਦ ਤੇ ਨਾ ਆਤਮਾ ਵਿਚ ਵਿਸ਼ਵਾਸ਼ ਕਰਦੇ ਸਨ। ਅਹਿੰਸਾ ਉਹਨਾਂ ਨੂੰ ਇਸ ਲਈ ਅਪਨਾਉਣ ਪਈ ਕਿ ਬ੍ਰਾਹਮਣਵਾਦੀ ਲੋਕ ਬੇਸ਼ੁਮਾਰ ਪਸ਼ੂਆਂ, ਬੰਦਿਆਂ, ਔਰਤਾਂ, ਬੱਚਿਆਂ ਦੀਆਂ ਬਲੀਆਂ ਰੋਜ਼ਾਨਾ ਦਿਆਂ ਕਰਦੇ ਸਨ। ਪਰੰਤੂ ਉਹਨਾਂ ਇਸ ਚੀਜ਼ ਨੂੰ ਤਰਕ ਤੇ ਰੱਖਿਆ ਕਿ ਜਿਸ ਸਮੇਂ ਜੋ ਠੀਕ ਤੇ ਜ਼ਰੂਰੀ ਹੈ ਕੀਤਾ ਜਾਵੇ। ਮਨੁਖ ਆਪਣੀ ਹੋਣੀ ਦਾ ਮਾਲਕ ਆਪ ਹੈ। ਬੁਧਮੱਤ ਇਕ ਵਿਚਾਰਧਾਰਾ ਹੈ। ਪਦਾਰਥਕ ਵਿਚਾਰਧਾਰਾ। ਇਹ ਧਰਮ ਨਹੀਂ। ਬੁਧ ਮਾਰਗ ਦਾਤਾ ਸੀ ਮੁਕਤੀਦਾਤਾ ਨਹੀਂ। ਪਰ ਅੱਜ ਇਸਨੇ ਬ੍ਰਾਹਮਣਵਾਦ ਦੇ ਚਹੇ ਚੜ੍ਹ ਕੇ ਇਸ ਨੇ ਆਪਣਾ ਹੁਲੀਆ ਵਿਗਾੜ ਲਿਆ ਬਿਲਕੁਲ ਸਿੱਖ ਲਹਿਰ ਵਾਂਗ ਹੀ।

6. ਡੀ ਐਸ ਫੋਰ ਦੇ ਆਗੂ ਦੋਸਤਾਂ ਦੀ ਪਛਾਣ ਰਖਦੇ ਹਨ। ਪਰ ਜੋ ਦੋਸਤ ਹਨ। ਭਾਰਤ ਦੀਆਂ ਸਹੀ ਲੋਕ ਹਿਤੂ ਲਹਿਰਾਂ ਨੂੰ ਵੀ ਇਸਦਾ ਸਾਥ ਦੇਣਾ ਬਣਦਾ

ਹੈ। ਬੁਨਿਆਦੀ ਫਰਕ ਹੋ ਸਕਦੇ ਹਨ। ਪਰ ਇਮਾਨ ਨਾਲ, ਸਮਤਾ, ਸਮਾਨਤਾ, ਭਾਈਚਾਰਾ ਅਤੇ ਅਜ਼ਾਦੀ ਵੱਲ ਵਧਣਾ, ਸਾਡਾ ਮੁੱਖ ਧਰਮ ਅਤੇ ਮੰਤਵ ਹੈ। ਸਾਡੀ ਕਿਸੇ ਬੰਦੇ ਨਾਲ ਕੋਈ ਜਾਤੀ ਦੁਸ਼ਮਣੀ ਨਹੀਂ। ਜੋ ਹੈ ਤਾਂ ਬ੍ਰਾਹਮਣੀ-ਮਨੂੰਵਾਦੀ ਢਾਂਚੇ ਨਾਲ ਹੈ। ਬ੍ਰਾਹਮਣੀ ਕਲਚਰ ਨਾਲ ਹੈ।

ਅਸੀਂ ਬਹੁਤ ਸਾਰੇ ਸਾਥੀਆਂ ਨੇ ਜ਼ਿੰਦਗੀ ਦ ਲੰਬਾ ਅਰਸਾ ਕੰਮਿਊਨਿਸਟ ਲਹਿਰਾਂ ਦੇ ਹਿਤੂਆਂ ਵਜੋਂ ਗੁਜ਼ਾਰਿਆ ਹੈ। ਪਰੰਤੂ ਸ੍ਰ: ਭਗਤ ਸਿੰਘ ਦੇ ਇਨਕਲਾਬੀ ਰੂਪ ਰੇਖਾ ਨੂੰ ਕਿੰਨੇ ਕੁ ਪੱਧਰ ਤੀਕ ਲੋਕਾਂ ਸਾਹਮਣੇ ਲਿਆਂਦਾ ਗਿਆ ਹੈ —ਇਹ ਅਸੀਂ ਗਹਿਰਾਈ ਤੀਕ ਜਾਣਦੇ ਹਾਂ। ਸ: ਭਗਤ ਸਿੰਘ ਦੀ ਚਿੱਠੀ ਛਪੀ ਹੈ। ਅਸੀਂ ਮੰਨਦੇ ਹਾਂ। ਪਰ ਕੀ ਇਹ ਆਮ ਜਨਤਾ ਤੀਕ ਪਹੁੰਚੀ ਹੈ ਨਹੀਂ। ਇਹ ਸਾਡਾ ਦਾਅਵਾ ਹੈ। ਕਲਚਰ ਕਿਤਾਬਾਂ 'ਚ ਨਹੀਂ ਲੋਕਾਂ ਦੀਆਂ ਰਗਾਂ ਦੇ ਖ਼ੂਨ 'ਚ ਹੁੰਦਾ ਹੈ। ਉਥੇ ਹੀ ਬਣਦਾ ਬਦਲਦਾ ਹੈ। ਬਾਕੀ ਸਭ ਵਸੀਲੇ ਹਨ।

8. ਲਾਲਾ ਲਾਜਪਤ ਰਾਏ ਦੀ ਸਤਰ "ਅਸੀਂ ਕੱਟ ਦਿਤੀ" ਦਸਤਾਵੇਜ਼ ਵਜੋਂ ਇਹ ਠੀਕ ਨਹੀਂ। ਸਾਨੂੰ ਹਵਾਲਿਆਂ ਨਾਲ ਝੁਠਲਾ ਦੇਣਾ ਚਾਹੀਦਾ ਸੀ ਪਰੰਤੂ ਇਹਨਾਂ ਲੋਕਾਂ ਨੇ ਜੋ ਸਾਡੇ ਨਾਲ ਕੀਤੀ ਉਹ ਮਹਾਰਾਸ਼ਟਰ ਸਰਕਾਰ ਵੱਲੋਂ ਛਪੀਆਂ ਡਾਂ ਅੰਬੇਡਕਰ ਦੇ ਭਾਸ਼ਣ ਤੇ ਲਿਖਤਾਂ ਸਾਈਮਨ ਕਮਿਸ਼ਨ ਦੇ ਸੰਬੰਧ 'ਚ ਵਾਲੀਅਮ 2. 1982 ਸਫੇ 800 ਵਾਲੀਅਮ 2 ਕ੍ਰੇਵਲ) ਵਿਚ ਦਰਜ ਹੈ। ਖੈਰ ਅਸੀਂ ਉਹ ਸਤਰ ਛਾਪ ਕੇ ਆਪਣੇ ਵਿਚਾਰਾਂ ਨਾਲ ਨਿਕਾਰ ਦੇਵਾਂਗੇ। ਸੁਝਾਅ ਲਈ ਧੰਨਵਾਦ।

9. ਜਦੋਂ ਅੱਗੇ ਮਾਰਕਸ ਸਮਾਜਵਾਦ ਬਾਰੇ ਲਿਖਣ ਲੱਗੇ ਸਨ, ਮਹਾਰਾਸ਼ਟਰ ਦੇ ਮਹਾਤਮਾ ਜੋਤੀ ਰਾਓ ਫੂਲੇ ਨੇ ਭਾਰਤ ਵਿਚ ਅਧੁਨਿਕ (ਧਰਮ ਰਹਿਤ) ਸਮਾਜਵਾਦ ਲਹਿਰ ਸ਼ੁਰੂ ਕਰ ਦਿੱਤੀ ਸੀ। (1848) ਦੂਜੇ ਪਾਸੇ ਵਰਗ ਸੰਘਰਸ਼ ਅਤੇ ਆਰਥਿਕ ਅਧਾਰ ਬਾਰੇ ਲੈਨਿਨ ਅਤੇ ਮਾਰਕਸ ਸਪਸ਼ਟ ਕਰਦੇ ਹਨ ਕਿ ਸਮਾਜ ਦੀ ਲੋੜ ਅਨੁਸਾਰ ਹੀ ਇਹ ਲਾਗੂ ਹੁੰਦੇ ਹਨ। ਸਾਡਾ ਇਹ ਵਿਸ਼ਵਾਸ਼ ਬਣਿਆ ਹੈ ਕਿ ਭਾਰਤੀ ਮਾਰਕਸੀ ਲਹਿਰ ਨੇ ਸਮਾਜਕ ਅਧਾਰ ਨਾ ਅਪਣਾ ਕਿ ਜਾਂ ਤਾਂ ਸਾਡੇ ਨਾਲ ਧੋਖਾ ਕੀਤਾ ਹੈ ਤੇ ਜਾਂ ਇਸਦਾ ਨਿਰਣਾ ਨਿਰਮੂਲ ਤੇ ਗਲਤ ਸੀ, ਜਿਸਨੂੰ ਅੱਜ ਤੀਕ ਵੀ ਉਸੇ ਰੂਪ ਵਿਚ ਤੋਰਿਆ ਜਾ ਰਿਹਾ ਹੈ ਜਦੋਂ ਕਿ ਬੁਰੀ ਤਰ੍ਹਾਂ ਫੇਲ ਹੋਏ ਹਨ।

ਡਾ. ਅੰਬੇਦਕਰ ਨੇ ਸਟਾਲਨ ਨੂੰ ਕਿਹਾ ਸੀ ਕਿ ਜਾਂ ਤਾਂ ਭਾਰਤਰੂਸ 'ਚ ਇਨਕਲਾਬ ਕਰਨਾ ਨਹੀਂ ਚਾਹੁੰਦਾ, ਜਾਂ ਉਸਨੂੰ ਭਾਰਤੀ ਸਮਾਜ ਦੀ ਜਾਣਕਾਰੀ ਨਹੀਂ ਜਿਸ ਕਰਕੇ ਉਹ ਇਨਕਲਾਬ ਦੀ ਵਾਗਡੋਰ ਮਨੂੰਵਾਦੀਆਂ ਦੇ ਹੱਥ ਦੇ ਰਿਹਾ ਹੈ। ਕਿਉਂਕਿ ਭਾਰਤ ਜਾਤੀ ਪ੍ਰਧਾਨ ਦੇਸ਼ ਹੈ। ਇਥੇ ਕੋਈ ਇਕ ਕੌਮ ਨਹੀਂ। ਇਹ ਕੌਮਾਂ ਦਾ ਸਮੂਹ ਹੈ। ਸਗੋਂ ਹਰ ਜਾਤ ਇਕ ਕੌਮ ਹੈ। ਉਸਦਾ ਸਾਰਾ ਵਰਤ੍ਹਾਰਾ ਤੇ ਖਾਸਾ ਹੀ ਵੱਖਰਾ ਹੈ। ਧਰਮ ਨੇ ਇਸ ਢਾਂਚੇ ਨੂੰ ਪੱਕਾ ਕੀਤਾ ਹੈ। ਹਿੰਦੂ ਧਰਮ ਨੇ ਭਾਰਤੀ ਲੋਕਾਂ ਨੂੰ ਕਰਮ-ਕਾਂਡ ਦੇ ਸਿਧਾਂਤਾਂ ਨਾਲ ਅਸਲੋਂ ਹੀ ਤਬਾਹ ਕਰ ਦਿੱਤਾ ਹੈ। ਹਿੰਦੂ ਧਰਮ, ਹਿੰਦੂ ਗ੍ਰੰਥ, ਹਿੰਦੂ ਦੇਵੀ ਦੇਵਤੇ, ਭਾਰਤ ਦੇ ਲੋਕਾਂ ਨੂੰ ਦਿਮਾਗੀ ਹੀਜੜੇ, ਬਣਾਉਣ ਵਿਚ ਸਭ ਤੋਂ ਵੱਧ ਕਾਰਗਰ ਸਾਬਤ ਹੋਏ ਹਨ। ਜਾਤੀ ਪ੍ਰਬੰਧ ਹਿੰਦੂ ਧਰਮ ਹਿੰਦੂ ਗ੍ਰੰਥਾਂ ਦੀ ਦੇਣ ਹੈ ਜੋ ਮਿਹਨਤਕਸ਼ ਜਮਾਤ ਨੂੰ ਟੁਕੜੇ ਟੁਕੜੇ ਕਰਕੇ ਟੁੰਡੇ, ਅੰਨ੍ਹੇ ਬੋਲੇ, ਲੰਗੜੇ ਲੂਲੇ, ਬੀਮਾਰ, ਅਪਾਹਜ, ਅਪਰਾਧੀ ਬਣਾਉਂਦਾ ਹੈ। ਜਾਤੀ ਪ੍ਰਬੰਧ ਤੇ ਇਸਨੂੰ ਚਲਾਉਣ ਵਾਲਾ ਹਰ ਧਰਮ, ਹਰ ਗ੍ਰੰਥ, ਹਰ ਸਮਾਜ ਸਾਡਾ ਨਿਸ਼ਾਨਾ ਹੈ।

10. ਭਾਰਤੀ ਬਹੁਜਨ ਦੁਖੀ ਸਮਾਜ ਦੀ ਮੁਕਤੀ ਲਈ ਅਸੀਂ ਰਾਹ ਆਪ ਬਣਾਉਣਾ ਹੈ। ਇਹਨਾਂ ਦੀ ਮੁਕਤੀ ਹੀ ਇਨਕਲਾਬ ਹੈ, ਇਨਕਲਾਬ ਦਾ ਆਧਾਰ ਹੈ। ਇਹ ਸਾਡਾ ਵਿਸ਼ਵਾਸ਼ ਹੈ। ਕਿਉਂਕਿ ਦਲਿਤਾਂ ਨੂੰ (ਜਿੰਨ੍ਹਾਂ ਨੂੰ ਹਰੀਜਨ ਜਾਂ ਆਦਿ ਵਾਸੀ ਕਿਹਾ ਜਾਂਦਾ ਹੈ) ਮਾਰਨ ਲਈ ਸਰਕਾਰੀ ਅਜੰਸੀਆਂ ਤੋਂ ਇਲਾਵਾ ਭਗਵਾਨ ਸ਼ੰਕਰ ਸੈਨਾ, ਸ਼ਿਵ ਸੈਨਾ, ਵਿਸ਼ਵਮਿੱਤਰ ਪ੍ਰਤਾਪ ਸੈਨਾ, ਬ੍ਰਹਮ ਰਿਸ਼ੀ ਸੈਨਾ, ਸ੍ਰੀ ਕਿਸ਼ਨ ਸੈਨਾ, ਪਰਸੂ ਰਾਮ ਸੈਨ ਤੇ ਹੋਰ ਅਨੇਕਾਂ ਹਥਿਆਰਬੰਦ ਸੈਨਾਂ ਹਿੰਦੂਆਂ ਨੇ ਬਣਾਈਆਂ ਹੋਈਆਂ ਹੋਈਆਂ ਹਨ। ਇਹ ਹਿੰਦੂ ਉਹਨ ਨੂੰ ਹੀ ਮਾਰਦੇ ਹਨ ਜੋ ਘਰ ਵਿਚ ਕ੍ਰਿਸ਼ਨ, ਰਾਮ, ਬ੍ਰਹਮਾ, ਸ਼ਿਵ ਜੀ, ਪਰਸੂ ਸ਼ੰਕਰ ਦੀਆਂ ਮੂਰਤੀਆਂ ਰੱਖ ਕੇ ਪੂਜਾ ਕਰਦੇ ਹਨ ਤੇ ਮੁਕਤੀ ਭਾਲਦੇ ਹਨ। ਮੂਰਖ !!!

11. ਅੰਤ ਵਿਚ ਅਸੀਂ ਡਾਂਗੇ ਦੇ ਬਿਆਨਾਂ ਬਾਰੇ ਫਿਰ ਆਪਣਾ ਬਿਆਨ ਸਪਸ਼ਟ ਕਰਦੇ ਹਾਂ ਕਿ ਉਸਨੇ ਜੋ ਕਿਹਾ ਠੀਕ ਹੈ। ਦੇਖੋ :. **A Recipe for revolution" "Written by Topmost Dalit comrade V.T. Rajsheker Publisher of Dalit voice Banglore,Page 44 ਅਤੇ How** ***Marx failed in Hindu India Page 20***

ਇਸਤੋਂ ਬਾਦ ਅਸੀਂ ਟਾਪ ਦੇ ਕਾਮਰੇਡਾਂ ਦੇ ਅਜਿਹੇ ਤੱਥ ਪੇਸ਼ ਕਰਨਾ ਚਾਹਾਂਗੇ ਜੋ ਉਹਨਾਂ ਨੂੰ ਨਿਰੋਲ ਬ੍ਰਾਹਮਣਵਾਦੀ, ਮਨੂੰਵਾਦੀ ਸਾਬਤ ਕਰਦੇ ਹਨ। ਸਾਡਾ ਮਾਰਕਸਵਾਦ 'ਚ ਤਾਂ ਵਿਸ਼ਵਾਸ ਹੈ ਪਰੰਤੂ ਮਨੂੰਵਾਦੀਆਂ 'ਚ ਨਹੀਂ।

—ਬਿਹਾਰੀ ਲਾਲ, ਗੁਰਦੇਵ ਸਿੰਘ, ਹੁਕਮ ਚੰਦ

## 2. ਇਕ ਚਿੱਠੀ ਤੇ ਉਸਦਾ ਜਵਾਬ

ਸਤਿਕਾਰਯੋਗ ਗੁਰਸ਼ਰਨ ਭਾਜੀ

ਮੈਂ ਸਮਤਾ ਰਸਾਲਾ ਸੰਨ 1981 ਤੋਂ ਪੜ੍ਹਦਾ ਆ ਰਿਹਾ ਹਾਂ। ਲਗਾਤਾਰ ਪੰਜ ਸਾਲਾਂ ਤੋਂ ਤੁਸੀਂ ਫਿਰਕਾ-ਪ੍ਰਸਤੀ ਵਿਰੋਧ ਆਪਣੇ ਪੇਪਰ 'ਸਮਤਾ' ਤੇ ਆਪਣੇ ਨਾਟਕਾਂ ਰਾਹੀਂ ਲੜਦੇ ਆ ਰਹੇ ਹੋ, ਇਸਦਾ ਪੰਜਾਬ ਦੀਆਂ ਇਨਕਲਾਬੀ ਜਮਹੂਰੀ ਸ਼ਕਤੀਆਂ ਨੂੰ ਪੂਰਾ ਮਾਣ ਹੈ। ਦਿੱਲੀ ਵਿਚ ਹੋਏ ਇਕ ਫਿਰਕੇ ਦੇ ਵਿਆਪਕ ਕਤਲੇਆਮ ਨੂੰ,ਤੁਸੀਂ ਆਪਣੇ ਨਾਟਕ 'ਬਾਬਾ ਬੋਲਦਾ ਹੈ' ਵਿਚ ਬੜੇ ਹੀ ਚੰਗੇ ਢੰਗ ਨਾਲ ਪੇਸ਼ ਕੀਤਾ। ਪੰਜਾਬ ਦੇ ਦੁਖਾਂਤ ਤੇ ਲਿਖੇ ਨਾਟਕ 'ਇਕ ਕੁਰਸੀ', 'ਇਕ ਮੋਰਚਾ' ਤੇ 'ਹਵਾ 'ਚ ਲਟਕਦੇ ਲੋਕ' ਤੇ 'ਕੁਲਾਜ ਤੇਰਾ ਨਾਂ ਪੰਜਾਬ' ਵਿਚ ਤੁਸੀਂ ਧਰਮ ਦੇ ਨਾਂ ਤੇ ਗੁੰਮਰਾਹ ਕਰ ਰਹੇ ਧਰਮ ਦੇ ਠੇਕੇਦਾਰਾਂ ਨੂੰ ਨੰਗਾ ਕੀਤਾ ਹੈ ਕਿ ਕਿਵੇਂ ਉਹ ਲੋਕ ਧਰਮ ਯੁੱਧ ਮੋਰਚੇ ਰਾਹੀਂ ਲੋਕਾਂ ਦੀਆਂ ਭਾਵਨਾਵਾਂ ਨੂੰ ਵਰਤ ਕੇ ਕੁਰਸੀ ਤੱਕ ਪਹੁੰਚਦੇ ਹਨ। ਗੱਲ ਕੀ ਪੰਜਾਬ ਵਿਚ ਵਾਪਰੇ ਹਰ ਇਕ ਦੁਖਾਂਤ ਨੂੰ ਤੁਸੀਂ ਪੇਪਰ ਤੇ ਨਾਟਕਾਂ ਰਾਹੀਂ ਨੰਗਾ ਕੀਤਾ ਹੈ।

ਪਰ ਪਿਛਲੇ ਮਹੀਨੇ ਸੁਰਖ ਰੇਖਾ ਦੇ ਸਰਗਰਮ ਹਮਦਰਦ ਸਾਥੀ ਰਤਨ ਸਿੰਘ ਪਟਵਾਰੀ ਨੂੰ ਫਿਰਕੂ ਜਨੂੰਨੀਆਂ ਨੇ ਕਤਲ ਕਰ ਦਿੱਤਾ ਹੈ। ਇਸ ਵਿਰੁੱਧ ਲੋਕ ਪੱਖੀ ਜਨਤਕ ਜਥੇਬੰਦੀਆਂ ਇਨਕਲਾਬੀ ਮੈਗਜ਼ੀਨਾਂ ਨੇ ਇਸ ਕਾਰਵਾਈ ਦਾ ਬਦਲਾ ਲੈਣ ਲਈ ਸ਼ਕਤੀ ਨੂੰ ਇਕ ਮੁੱਠ ਕਰਕੇ ਇਨ੍ਹਾਂ ਜਨੂੰਨੀਆਂ ਵਿਰੁੱਧ ਉਠ ਖੜੇ ਹੋਣ ਦਾ ਸੱਦਾ ਦਿੱਤਾ ਹੈ। ਮੈਂ ਮਹਿਸੂਸ ਕਰਦਾ ਹਾਂ ਕਿ ਸਮਤਾ ਪੇਪਰ ਨੇ ਵੀ ਫਿਰਕੂ ਜਨੂੰਨੀਆਂ ਦੀ ਕਾਰਵਾਈ ਨੂੰ ਨੋਟ ਕਰਕੇ ਲੋਕਾਂ ਨੂੰ ਇਸ ਵਿਰੁੱਧ ਲਾਮਬੰਦ ਹੋਣ ਦਾ ਸੱਦਾ ਦੇਣਾ ਬਣਦਾ ਸੀ। ਤਾਂ ਕਿ ਸਾਰਿਆਂ ਫਰੰਟਾਂ ਤੋਂ ਇਕ ਮੁੱਠ ਹੋ ਕੇ ਫਿਰਕੂ ਜਨੂੰਨ ਤੇ ਸਰਕਾਰੀ ਦਹਿਸ਼ਤਗਰਦੀ ਵਿਰੁੱਧ ਇਕ ਮੁੱਠ ਕੀਤਾ ਜਾਂਦਾ ਪਰ ਸਮਤਾ ਵਿਚ ਰਤਨ ਸਿੰਘ ਪਟਵਾਰੀ ਬਾਰੇ ਕੋਈ ਹੁੰਗਾਰਾ ਨਾਂ ਆਇਆ ਇਸ ਬਾਰੇ ਆਪ ਦੇ ਵਿਚਾਰ ਜਾਨਣ ਲਈ ਅਸੀਂ ਤੁਹਾਨੂੰ ਪੱਤਰ ਲਿਖਿਆ।

ਆਪ ਜੀ ਦੇ ਕੁਝ ਸਖਿਆਰਥੀ
ਪਰਦੀਪ, ਅਵਤਾਰ, ਹਰੀਸ਼ ਸਮਰਾਲਾ

○ ਸਾਥੀਓ, ਜੁਲਾਈ ਦੀ ਸਮਤਾ ਵਾਸਤੇ ਇਕ ਵਿਸਥਾਰ ਨਾਲ ਨੋਟ ਸਾਥੀ ਰਤਨ ਸਿੰਘ ਪਟਵਾਰੀ ਬਾਰੇ ਲਿਖਿਆ ਸੀ। ਮੈਂ ਆਪ ਬਿਹਾਰ ਵੱਲ ਚਲਾ ਗਿਆ ਤੇ ਫੇਰ ਅਮ੍ਰਿਤਸਰ ਕਰਫਿਊ ਲੱਗਣ ਕਰਕੇ ਪ੍ਰੈਸ ਨਾਲ ਸੰਪਰਕ ਟੁਟਿਆ ਰਿਹਾ ਤੇ ਉਹ ਨੋਟ ਨਾ ਆ ਸਕਿਆ। ਇਸ ਬਾਰੇ ਕੈਲਗਰੀ (ਕੈਨੇਡਾ) ਤੋਂ ਇਸ ਬਾਰੇ ਨੋਟ ਦਿੱਤਾ ਹੈ। ਸਮਤਾ ਦੀ ਹਰ ਸਤਰ ਉਸ ਨਿਸ਼ਾਨੇ ਨੂੰ ਸਮਰਪਿਤ ਜੀਹਦੇ ਲਈ ਸਾਥੀ ਰਤਨ ਸਿੰਘ ਨੇ ਸ਼ਹਾਦਤ ਪਾਈ। —ਗੁਰਸ਼ਰਨ ਸਿੰਘ

---

### ਪ੍ਰਗਤੀਵਾਦੀ ਫਿਲਮ ਨਿਰਮਾਤਾ ਸੋਸਾਇਟੀ ਪੰਜਾਬ ਦੇ ਸਲਾਹਕਾਰਾਂ ਦੀਆਂ ਕੁਝ ਸਲਾਹਵਾਂ

- ਲਿਖੀ ਗਈ ਕਹਾਣੀ ਵਿਚ ਕੁਝ ਤਰਮੀਮਾਂ ਐਸੀਆਂ ਕੀਤੀਆਂ ਜਾਣ ਕਿ ਨਾ ਹੀ ਫਿਲਮ ਬਨਾਉਣ ਵਿਚ ਦਿਕਤ ਆਵੇ ਤੇ ਨਾ ਹੀ ਸੈਂਸਰ ਬੋਰਡ ਉਹਨਾਂ ਉਤੇ ਕੋਈ ਉਜ਼ਰ ਕਰ ਸਕੇ। ਇਹਦੇ ਲਈ ਸੈਂਸਰ ਬੋਰਡ ਦੇ ਨਿਯਮਾਂ ਦਾ ਪੂਰੀ ਤਰਾਂ ਅਧਿਐਨ ਕੀਤਾ ਜਾਏ। ਇਹਨਾ ਨਿਯਮਾਂ ਦੇ ਅੰਦਰ ਅੰਦਰ ਬਗੈਰ ਕੋਈ ਸਮਝੌਤਾ ਕੀਤੇ ਕੰਮ ਕੀਤਾ ਜਾਏ। ਫਿਲਮ ਦਾ ਸਮੁਚਾ ਪ੍ਰਭਾਵ ਹਰ ਲਿਹਾਜ਼ ਨਾਲ ਮੇਹਨਤਕਸ਼ ਲੋਕਾਂ ਦੇ ਹੱਕ ਵਿਚ ਮਨੁੱਖੀ ਕਦਰਾਂ ਕੀਮਤਾਂ ਦੇ ਅਨੁਕੂਲ ਸਮਾਜਿਕ ਤਬਦੀਲੀ ਲਈ ਪ੍ਰੇਰਨਾ ਹੋਵੇ।
- ਫਿਲਮ ਵਿਚ ਮੁਖ ਤੌਰ ਤੇ ਭਾਵੇਂ ਪੰਜਾਬ ਦੀ ਸਟੇਜ ਦੇ ਕਲਾਕਾਰਾਂ ਦੀਆਂ ਸੇਵਾਵਾਂ ਲਈਆਂ ਜਾਣ ਪਰ ਇਹ ਯਤਨ ਕੀਤਾ ਜਾਏ ਕਿ ਓਮਪੁਰੀ ਵਰਗੇ ਪ੍ਰਤਿਭਾਵਾਨ ਐਕਟਰ ਵੀ ਇਸ ਫਿਲਮ ਵਿਚ ਆਪਣਾ ਹਿੱਸਾ ਪਾਉਣ।
- ਇਕ ਵੀ ਪੈਸਾ ਲਗਾਉਣ ਤੋਂ ਪਹਿਲਾਂ ਪੰਜਾਬ ਦੇ ਮੌਜੂਦਾ ਹਾਲਾਤ ਦੇ ਕਾਰਣ ਫਿਲਮੀ ਸਨਅਤ ਵਿਚ ਆਏ ਸੰਕਟ ਦਾ ਪੂਰਾ ਧਿਆਨ ਰਖਿਆ ਜਾਏ। ਇਸ ਗੱਲ ਨੂੰ ਨੋਟ ਕੀਤਾ ਜਾਏ ਕਿ ਬਹੁਤ ਸਾਰੀਆਂ ਮੁਕੰਮਲ ਪੰਜਾਬੀ ਫਿਲਮਾਂ ਰੀਲੀਜ਼ ਹੋਣ ਤੋਂ ਇਸ ਕਰਕੇ ਰੁਕੀਆਂ ਹੋਈਆਂ ਹਨ ਕਿ ਡਿਸਟਰੀਬਿਊਟਰ ਉਹਨਾਂ ਨੂੰ ਚੁੱਕ ਨਹੀਂ ਰਹੇ।
- ਫਿਲਮ ਸ਼ੁਰੂ ਕਰਨ ਤੋਂ ਪਹਿਲਾਂ ਫਿਲਮ ਦੀ ਅਨੁਮਾਨਤ ਲਾਗਤ ਜੋ 8-10 ਲੱਖ ਦੇ ਦਰਮਿਆਨ ਹੋਵੇਗੀ, ਬੈਂਕ ਵਿਚ ਇਹ ਰਕਮ ਜਮ੍ਹਾਂ ਹੋਵੇ, ਤਾਂ ਜੋ ਪ੍ਰਾਜੈਕਟ ਰਸਤੇ ਵਿਚ ਨਾ ਰੁਕੇ।
- ਹਰ ਆਉਣ ਵਾਲੀ ਮੁਸ਼ਕਲ ਦਾ ਲੋਕਾਂ ਦੇ ਸਹਿਯੋਗ ਤੇ ਟੇਕ ਰਖਦਿਆਂ ਇਨਕਲਾਬੀ ਜੁਰਅਤ ਨਾਲ ਮੁਕਾਬਲਾ ਕੀਤਾ ਜਾਏ। ਪੰਜਾਬ ਦੇ ਪ੍ਰਗਤੀਸ਼ੀਲ ਲੋਕਾਂ ਦੀਆਂ ਇਸ ਫਿਲਮ ਤੇ ਬੜੀਆਂ ਆਸਾਂ ਬੱਝੀਆਂ ਹਨ। ਫਿਲਮ ਮੁਕੰਮਲ ਕਰਕੇ ਇਸਨੂੰ 1987 ਦੀ ਵਿਸਾਖੀ ਤਕ ਰੀਲੀਜ਼ ਕਰਨ ਦਾ ਟੀਚਾ ਰਖਿਆ ਜਾਏ।

ਗੁਰਸ਼ਰਨ ਸਿੰਘ
ਕਨਵੀਨਰ ਪ.ਫ.ਨ.ਸ. ਪੰਜਾਬ

Regd.with Registrar NewsPaper vide No.MA/12397-D dated 18.4.80P.O. No. P/AR-133

## ਇਕ ਚਿਠੀ ਕੈਲਗਰੀ ਤੋਂ

ਪੰਜਾਬ ਵਿਚ ਇਨਕਲਾਬੀ-ਜਮਹਹੂਰੀ ਲਹਿਰ ਦੇ ਸਮਰਥਕ ਕਾਰਕੁਨਾਂ-ਪਤਰਕਾਰਾਂ ਦੇ ਕਤਲਾਂ ਅਤੇ ਅਜੇ ਵੀਹੋ ਰਹੇ ਕਾਤਲਾਨਾ ਹਮਲਿਆਂ / ਧਮਕੀਆਂ ਨਿਖੇਧੀ।

ਅਸੀਂ ਲੋਕ ਸਭਿਆਚਾਰਕ ਮੰਚ ਕੈਲਗਰੀ ਵਲੋਂ ਹਾਲ ਵਿਚ ਹੀ ਹੋਏ ਇਨਕਲਾਬੀ-ਜਮਹੂਰੀ ਪਰਚੇ 'ਸੁਰਖ-ਰੇਖਾ' ਦੇ ਸਰਗਰਮ ਕਾਰਕੁਨ ਕਾਮਰੇਡ ਰਤਨ ਸਿੰਘ ਪਟਵਾਰੀ ਦੇ ਅਤਿ ਘਿਨਾਉਣੇ ਅਤੇ ਵਹਿਸ਼ੀ ਕਤਲ ਦੀ ਪੁਰਜ਼ੋਰ ਸ਼ਬਦਾਂ ਵਿਚ ਨਿਖੇਧੀ ਕਰਦੇ ਹਾਂ। ਫਿਰਕੂ ਜਨੂੰਨੀਆਂ ਹਥੋਂ ਸਾਥੀ ਰਤਨ ਦਾ ਕਤਲ ਅਜ਼ਾਦ ਅਤੇ ਜੁਝਰੂ ਪਤਰਕਾਰੀ ਨੂੰ ਇਕ ਚੈਲਿੰਜ ਅਤੇ ਲੋਕ - ਜਮਹੂਰੀ ਹੱਕਾਂ ਉਤੇ ਇਕ ਛਾਪਾ ਹੈ। ਇਸ ਤੋਂ ਪਹਿਲਾਂ ਵੀ ਪੰਜਾਬ ਵਿਚਲੀ ਲੋਕ ਜਮਹੂਰੀ ਤੇ ਇਨਕਲਾਬੀ ਲਹਿਰ ਦੇ ਵਡਮੁੱਲੇ ਸਹਿਤਕਾਰ ਤੇ ਪਤਰਕਾਰ ਸੁਮੀਤ ਪ੍ਰੀਤ ਲੜੀ ਅਤੇ ਸੁਖਰਾਜ ਖੱਦਰ ਨੂੰ ਬੁਜ਼ਦਿਲ ਫਿਰਕੂ-ਜਰਵਾਣੇ ਨਿਗਲ ਗਏ ਹਨ। ਅਸੀਂ ਹੋਰ ਸਾਰੇ ਜਮਹੂਰੀਅਤ-ਪਸੰਦ ਅਵਾਮ ਵਾਂਗ ਉਪਰੋਕਤ ਸਾਰੇ ਕਤਲਾਂ ਦੇ ਜ਼ਿੰਮੇਂਵਾਰ ਫਿਰਕੂ ਜਨੂੰਨੀਆਂ ਦੀ ਬੁਜ਼ਦਿਲੀ ਅਤੇ ਪੰਜਾਬ ਅਤੇ ਭਾਰਤ ਦੀਆਂ ਸਰਕਾਰਾਂ ਦੇ ਦੱਲਪੁਣੇ ਉਤੇ ਦੁਰ-ਲਾਹਨਤ ਪਾਉਂਦੇ ਹਾਂ। ਫਿਟਕਾਰ ਪਾਉਂਦੇ ਹਾਂ।

ਸਾਮਰਾਜੀ ਇਸ਼ਾਰਿਆਂ ਤੇ ਨੱਚ ਰਹੀ ਭਾਰਤੀ ਸਰਕਾਰ ਜਿਥੇ ਇਕ ਪਾਸੇ ਫਿਰਕੂ ਜਨੂੰਨੀਆਂ ਦੇ ਵਿਰੋਧ ਕਰਨ ਦਾ ਖੇਖਣ ਕਰਦੀ ਹੈ ਉਥੇ ਉਹ ਇਨ੍ਹਾਂ ਹੀ ਜਨੂੰਨੀਆਂ ਦਾ ਅਮਲੀ ਤੌਰ ਵਿਰੋਧ ਕਰ ਰਹੇ ਇਨਕਲਾਬੀ-ਜਮਹੂਰੀ ਕਾਰਕੁਨਾਂ ਨੂੰ ਕਤਲ ਕਰਨ ਲਈ ਜਨੂੰਨੀਆਂ ਨੂੰ ਹਰੀ ਝੰਡੀ ਦੇ ਰਹੀ ਹੈ। ਉਹ ਅਜਿਹਾਂ ਕਰੇ ਵੀ ਕਿਉਂ ਨਾ—ਜਿਸ ਕੰਮ ਨੂੰ ਕਰਨ ਲਈ ਇਹ ਸਰਕਾਰ ਤੇ ਇਸ ਦੀ ਮਸ਼ੀਨਰੀ (ਪੁਲੀਸ ਖਾਸ ਕਰਕੇ) ਪਿਛਲੇ ਤਿੰਨ ਦਹਾਕਿਆਂ ਤੋਂ ਬਦਨਾਮ (ਇਨਕਲਾਬੀ ਨੌਜਵਾਨਾਂ ਨੂੰ ਫੜਕੇ, ਝੂਠੇ ਪੁਲਸ ਮੁਕਾਬਲੇ ਮਾਰਨ ਤੋਂ) ਹੋ ਰਹੀ ਜੇ ਓਹੀ ਕੰਮ ਇਹ ਖੁੰਢ-ਦਿਮਾਗ ਜਨੂੰਨੀ ਕਰ ਦੇਣ ਤਾਂ ਸਰਕਾਰ ਖੁਸ਼ ਕਿਉਂ ਨਾ ਹੋਵੇ। ਨਾਂ ਤਾਂ ਪਹਿਲਾਂ ਹੋਏ (ਸੁਮੀਤ ਤੇ ਸੁਖਰਾਜ ਦੇ) ਕਤਲਾਂ ਬਾਰੇ ਹੀ ਕੋਈ ਠੋਸ ਕਾਰਵਾਈ ਹੋਈ ਹੈ ਤੇ ਨਾਂ ਹੀ ਇਹਨਾਂ ਹਾਕਮਾਂ ਤੋਂ ਅਗਾਂਹ ਕੋਈ ਅਜਿਹੀ ਆਸ ਰਖੀ ਜਾ ਸਕਦੀ ਹੈ। ਇਨਕਲਾਬੀ ਜਮਹੂਰੀ ਲਹਿਰ ਦੇ ਸਮਰਥਕ ਪਤਰਕਾਰਾਂ। ਸਾਹਿਤਕਾਰਾਂ ਤੇ ਲੋਕ ਆਗੂਆਂ ਨੂੰ ਧਮਕੀਆਂ ਤੇ ਕਾਤਲਾਨਾ ਹਮਲਿਆਂ ਦਾ ਸਿਲਸਿਲਾ ਅੱਜ ਵੀ ਨਿਰੰਤਰ ਚਲ ਰਿਹਾ ਹੈ ਫਿਰਕੂ-ਜਨੂੰਨੀਆਂ ਵਲੋਂ ਵੀ ਤੇ ਸਰਕਾਰ ਵਲੋਂ ਵੀ।

ਅੱਜ ਦੇ ਪੰਜਾਬ ਵਿਚ ਕਾਤਲਾਨਾ ਅਤੇ ਭਿਅਕਰਅਤਾ ਦੇ ਮਾਹੌਲ ਦਾ ਪੈਦਾ ਹੋਣਾ ਦੋ ਸਾਮਰਾਜੀ ਤੇ ਸਮਾਜੀ-ਸਾਮਰਾਜੀ ਅਤਿ ਮਹਾਂ ਸ਼ਕਤੀਆਂ ਦੇ ਆਪਸੀ ਚੌਧਰ-ਭੇੜ ਅਤੇ ਖਹਿ ਦਾ ਸਿੱਟਾ ਹੈ ਜਿਸਦਾ ਅਸਲ ਮਕਸਦ ਦੁਨੀਆਂ ਨੂੰ ਮੁੜ ਵੰਡਣ ਅਤੇ ਲੁੱਟਣ ਦਾ ਹੈ। ਪਿਛਲੇ 4 ਸਾਲਾਂ ਤੋਂ ਪੰਜਾਬ ਵਿਚ ਧਰਮ / ਬੋਲੀ ਦੀ ਆੜ ਹੇਠ ਵਖਵਾਦ ਨੂੰ ਉਭਾਰਨ ਦੇ ਮਨਸ਼ਿਆਂ ਨਾਲ ਅਮਰੀਕੀ ਸਾਮਰਾਜੀਆਂ ਵਲੋਂ ਯੋਜਨਾ-ਬੱਧ ਢੰਗ ਨਾਲ ਨਿਰਦੋਸ਼ ਲੋਕਾਂ ਦਾ ਕਤਲੇਆਮ ਕਰਵਾਇਆ ਜਾ ਰਿਹਾ ਹੈ। ਅਸੀਂ ਪੰਜਾਬ ਦੇ ਸਮੂਹ ਲੋਕਾਂ ਨੂੰ ਅਪੀਲ ਕਰਦੇ ਹਾਂ ਕਿ ਅਜਿਹੇ ਸ਼ੈਤਾਨਾਂ ਦੀਆਂ ਚਾਲਾਂ ਨੂੰ ਸਮਝਦਿਆਂ ਹੋਇਆਂ ਅਤੇ ਹਰ ਤਰਾਂ ਦੇ ਫਿਰਕੂ ਜਨੂੰਨੀਆਂ (ਚਾਹੇ ਉਹ ਹਿੰਦੂ ਜਨੂੰਨੀ ਹੋਣ ਚਾਹੇ ਸਿੱਖ) ਨੂੰ ਦੁਰਕਾਰਦਿਆਂ ਹੋਇਆਂ ਆਪਸੀ ਏਕਤਾ ਬਣਾਈ ਰਖਣ ਤਾਂ ਕਿ ਅੰਗਰੇਜ਼ ਸਾਮਰਾਜੀਆਂ ਵਲੋਂ ਸਾਡੇ ਤੇ ਮੜੀ ਗਈ '1947' ਸਾਡੇ ਦੇਸ਼ ਅਤੇ ਕੌਮ ਦੇ ਕੁਝ ਕੁ ਗਦਾਰ ਅੱਜ ਫਿਰ ਅਮਰੀਕੀ ਸਾਮਰਾਜੀਆਂ ਦੀ ਸ਼ਹਿ ਤੇ ਮੁੜ ਦੁਹਰਾਉਣ ਵਿਚ ਕਾਮਯਾਬ ਨਾ ਹੋ ਸਕਣ।

ਪੰਜਾਬ ਦੇ ਬਹਾਦਰ ਲੋਕੋ ! ਸਮਾਂ ਹੁਣ ਚੁੱਪ ਬੈਠਣ, ਦੜ ਵਟਣ ਦਾ ਨਹੀਂ। ਆਪਸੀ ਏਕਤਾ ਬਣਾਈ ਰਖਣ ਦੇ ਨਾਲ ਇਹਨਾਂ ਫਿਰਕੂ ਨਫਰਤ ਦੇ ਵਣਜਾਰਿਆਂ (ਜਿਹਨਾਂ ਦੀਆਂ ਜੇਬਾਂ ਵਿਚ ਅਮਰੀਕੀ ਡਾਲਰ ਟੁਣਕਦੇ ਹਨ) ਵਿਰੁਧ ਜਥੇਬੰਦ ਹੋ ਕੇ ਤੁਫਾਨ ਬਣ ਉਠਣ ਦਾ ਹੈ। ਆਪਸੀ ਏਕਤਾ ਦੀ ਲੋਹ-ਤਾਕਤ ਤੇ ਟੇਕ ਰਖਦਿਆਂ ਹੋਇਆਂ ਆਪਣੀ ਰਖਿਆ ਆਪ ਕਰਨ ਦੇ ਉਪਰਾਲੇ ਕਰਨ ਅਤੇ ਇਹਨਾਂ ਨਫਰਤ ਵਿਚ ਪਾਗਲ, ਬੇਦਿਲ ਤੇ ਅਹਿਸਾਸਹੀਣ ਕਾਤਲਾਂ ਨੂੰ ਸੱਥ 'ਚ ਖੜਾ ਕਰਕੇ ਸਜ਼ਾਵਾਂ ਦੇਣ ਦਾ ਹੈ। ਬੁਜ਼ਦਿਲ ਫਿਰਕੂ ਕਾਤਲ—ਮੁਰਦਾਬਾਦ

ਸ਼ਹੀਦ ਸਾਥੀ ਰਤਨ ਸਿੰਘ ਪਟਵਾਰੀ—ਜ਼ਿੰਦਾਬਾਦ !

ਭਾਰਤੀ ਲੋਕ ਜਮਹੂਰੀ ਇਨਕਲਾਬ—ਜ਼ਿੰਦਾਬਾਬ

ਇਨਕਲਾਬੀ ਸ਼ੁਭ ਇਛਾਵਾਂ ਨਾਲ / ਲੋਕ ਸਭਿਆਚਾਰਕ ਮੰਚ ਕੈਲਗਰੀ (ਅਲਬਰਟਾ) ਕੈਨੇਡਾ 18-6-86

---

**ਪੰਜਾਬ ਲੋਕ ਸਭਿਆਚਾਰਕ ਮੰਚ ਦਾ ਸਾਲਾਨਾ ਸਾਹਿਤਕ ਸਮਾਗਮ** ਐਤਵਾਰ 3 ਅਗਸਤ, ਦਿਨੇ 11 ਵਜੇ ਤੋਂ ਦੁਪਹਿਰ 3 ਵਜੇ ਤਕ, ਪੰਜਾਬੀ ਭਵਨ ਲੁਧਿਆਣਾ ਦੇ ਸੈਮੀਨਾਰ ਹਾਲ ਵਿਚ ਹੋ ਰਿਹਾ ਹੈ। ਪ੍ਰੋਗਰਾਮ ਇਸ ਪ੍ਰਕਾਰ ਹੋਵੇਗਾ ;

- ਪਲਸ ਮੰਚ ਦੇ ਸਾਹਿਤਿਕ ਤ੍ਰੈਮਾਸਕ ਪਰਚੇ ਸਰਦਲ ਦਾ ਪਹਿਲਾ ਅੰਕ ਰੀਲੀਜ਼ ਕੀਤਾ ਜਾਵੇਗਾ।
- ਸਾਹਿਤ ਸਿਰਜਣਾ ਵਿਚ ਸਾਹਿਤਕਾਰ ਦੀ ਦ੍ਰਿਸ਼ਟੀ—ਇਸ ਵਿਸ਼ੇ ਉਤੇ ਪੇਪਰ ਸੁਰਜੀਤ ਗਿਲ ਵਲੋਂ ਪੇਸ਼ ਕੀਤਾ ਜਾਵੇਗਾ। ਵਿਸ਼ੇ ਬਾਰੇ ਮੁਢਲੀ ਜਾਣ-ਪਹਿਚਾਣ ਗੁਰਸ਼ਰਨ ਸਿੰਘ ਕਰਨਗੇ।
- ਪੰਜਾਬ ਮਸਲਾ ਸਮੁੱਚੇ ਭਾਰਤ ਦੇ ਸਿਆਸੀ ਸਿਸਟਮ ਦੇ ਪ੍ਰਸੰਗ ਵਿਚ—ਇਸ ਵਿਸ਼ੇ ਉਤੇ ਦਿਲੀ ਯੂਨੀਵਰਸਿਟੀ ਦੇ ਮਾਰਕਸੀ ਸਿਧਾਂਤ ਦੇ ਪ੍ਰਸਿਧ ਵਿਦਵਾਨ ਪ੍ਰੋ. ਰਨਧੀਰ ਸਿੰਘ ਆਪਣੇ ਵਿਚਾਰ ਪੇਸ਼ ਕਰਨਗੇ।
- ਹਾਜ਼ਰ ਕਵੀਆਂ ਵਲੋਂ ਕਵਿਤਾ-ਪਾਠ

—ਆਪ ਨੂੰ ਪਰਿਵਾਰ ਸਮੇਤ ਇਸ ਸਮਾਗਮ ਤੇ ਆਉਣ ਦਾ ਸੱਦਾ ਹੈ

ਸਬਜਿੰਦਰ ਕੇਦਾਰ, ਜ.ਸ. ਪਲਸ ਮੰਚ

ਗੁਰਸ਼ਰਨ ਸਿੰਘ, ਪ੍ਰਧਾਨ ਪਲਸ ਮੰਚ